ਮੁੱਲ 35/-



ਪੰਥ ਰਤਨ
ਗਿਆਨੀ ਦਿੱਤ ਸਿੰਘ ਜੀ
21 ਅਪ੍ਰੈਲ 1850 – 6 ਸਤੰਬਰ 1901

ਭਾਈ ਦਿੱਤ ਸਿੰਘ ਪੱਤ੍ਰਿਕਾ

ਅੰਕ 114 ਸਾਲ 10 6 ਜੂਨ 2019 (ਮਾਸਿਕ, ਪੰਜਾਬੀ) ਕੁੱਲ ਪੰਨੇ 48

ਅੰਦਰ ਪੜ੍ਹੋ ਸੰਪਾਦਕੀ

ਰੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ 'ਤੇ ਮਨਾਉਣਗੇ- ਪਰ ਅਸਲ ਸੰਦੇਸ਼ ਤੋਂ ਦੂਰ ਹੀ ਰਹਿਣਗੇ !!!

(ਦੂਜੀ ਕਿਸ਼ਤ)

ਜੂਨ 1984

ਸਾਲ ਪਿਛੋਂ ਜੂਨ ਮਹੀਨਾ ਜਦ ਜਦ ਵੀ ਆਵੇਗਾ,
1984 ਦਾ ਬਲਿਊ ਸਟਾਰ ਡਾਢਾ ਤੜਫਾਏਗਾ।
ਆਪਣੀ ਫੌਜ ਨੇ ਆਪਣਿਆ 'ਤੇ ਹੀ ਹਮਲਾ ਕੀਤਾ ਸੀ,
ਦਰਬਾਰ ਸਾਹਿਬ 'ਚ ਘੁੰਮਦੇ ਟੈਂਕਾਂ ਦਾ ਖ਼ੌਫ਼ ਅੱਖਾਂ ਅੱਗੇ ਆਵੇਗਾ।
ਅਕਾਲ ਤਖਤ ਵੀ ਢਹਿ ਢੇਰੀ ਕਰ ਦਿੱਤਾ ਸੀ ਤੋਪਾਂ ਨੇ,
ਦਰਬਾਰ ਸਾਹਿਬ ਲੱਗੀਆਂ ਗੋਲੀਆਂ ਦਾ ਚੇਤਾ ਵੀ ਤੜਫਾਵੇਗਾ।
ਰੱਬ ਦੇ ਘਰ ਦੀ ਸ਼ਰੇਆਮ ਬੇਅਦਬੀ ਕਦੇ ਵੀ ਭੁਲਣੀ ਨਹੀਂ,
ਸਿੱਖ ਸੰਗਤਾਂ 'ਤੇ ਅਤੇ ਮਾਸੂਮਾ ਦਾ ਬਿਲਕਣਾ ਰੂਹ ਕੰਬਾਏਗਾ।
ਸਿੱਖੀ ਭੇਸ 'ਚ ਜਿਹਨਾ ਗ਼ਦਾਰਾਂ, ਟੈਂਕ ਮੰਗਵਾਏ ਸਨ,
ਹਮਲਵਾਰਾਂ ਨਾਲ, 'ਸਮਾਂ' ਉਨ੍ਹਾਂ ਨੂੰ ਵੀ ਲਾਹਨਤਾ ਪਾਵੇਗਾ।
ਏਨੀ ਬੇਅਦਬੀ ਤੱਕ ਕੇ ਰੂਹਾਂ ਸਭ ਕੰਬਦੀਆਂ ਰਹਿ ਗਈਆਂ,
ਮੁੱਖ ਦੋਸ਼ੀ ਵਾਕਰ ਬਾਕੀਆਂ ਨੂੰ ਰੱਬ ਹੀ ਮਾਰ ਮੁਕਾਵੇਗਾ।
ਰੱਬ ਦੇ ਵਾਸਤੇ ਕੁਰਸੀ ਖਾਤਰ ਪਾਪ ਅਜੇਹੇ ਕੋਈ ਵੀ ਕਰਿਓ ਨਾ,
ਨਹੀਂ ਤਾਂ ਰੱਬ ਦੀ ਦਾੜ ਥੱਲੇ ਹਰ ਇਕ ਪਾਪੀ ਕਦੇ ਤਾਂ ਆਵੇਗਾ।
ਨਿਰਦੋਸ਼ੇ ਸਿੱਖ ਤੇ ਸਿੰਘ ਸੂਰਮੇ ਸ਼ਹੀਦੀਆਂ ਪਾ ਗਏ ਜੋ,
ਨਸੀਬ ਕਲੌੜੀਆ ਉਨ੍ਹਾਂ ਨੂੰ ਸਦਾ ਹੀ ਸੀਸ ਨਿਭਾਵੇਗਾ।

ਪ੍ਰਿੰ: ਨਸੀਬ ਸਿੰਘ 'ਸੇਵਕ'
9465216530

ਸ਼ਹੀਦਾਂ ਨੂੰ ਪ੍ਰਣਾਮ

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ 1984 ਦੇ ਸ਼ਹੀਦਾਂ ਨੂੰ ਲੱਖ-ਲੱਖ ਪ੍ਰਣਾਮ।

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: **http://bhaiditsinghpatrika.blogspot.in/**

ਲੇਖਕ ਆਪਣੀਆਂ ਰਚਨਾਵਾਂ ਈ-ਮੇਲ ਦੇ ਭੇਜਣ: bhaiditsinghpatrikachd@gmail.com or bhaiditsinghpatrika@yahoo.com

ਭਾਈ ਦਿੱਤ ਸਿੰਘ ਪੱਤ੍ਰਿਕਾ ਲਈ ਵਿਸ਼ੇਸ਼

ਵਿਅੰਗ ਚੌਕੇ



ਪ੍ਰੋ: ਜਸਵੰਤ ਸਿੰਘ ਕੈਲਵੀ

❀ ਰੈਲੀ/ਰੈਲਾ ❀

ਜਦੋਂ ਚੋਣਾਂ ਦਾ ਮੌਸਿਮ ਨਜ਼ਦੀਕ ਆਉਂਦੈ,
ਕਿਧਰੇ ਹੋਏ ਰੈਲੀ ਕਿਧਰੇ ਹੋਏ ਰੈਲਾ।
ਖਾਣ ਪੀਣ ਨੂੰ ਜਿੱਧਰੋਂ ਮਿਲੇ ਚੋਖਾ,
ਵੋਟਰ ਤੁਰ ਪੈਂਦਾ ਓਧਰ ਚੁੱਕ ਥੈਲਾ।
ਜੱਥੇਦਾਰ ਇੱਕ ਘੇਰ ਕੇ ਲੈ ਗਿਆ ਸੀ,
ਨੀਲੀ ਬੰਨ੍ਹ ਕੇ ਗਿਆ ਸੀ ਕੱਲ੍ਹ ਕੈਲਾ।
ਲੀਡਰ ਕੁਰਸੀ ਲਈ ਤੜਪਦੇ 'ਕੈਲਵੀ' ਇਉਂ,
ਜਿਵੇਂ ਮਜਨੂੰ ਪੁਕਾਰਦਾ ਹਾਇ ਲੈਲਾ!!

----- 0 -----

❀ ਟੰਗਾਂ ਖਿੱਚਣ ਦੀ ਸਿਖਲਾਈ ❀

ਮਾਂ ਖੇਡ ਕਬੱਡੀ ਪੰਜਾਬੀਆਂ ਦੀ,
ਚੋਬਰ ਗੱਭਰੂ ਜ਼ੋਰ ਅਜ਼ਮਾਈ ਕਰਦੇ।
ਧਾਵੀ, ਬੋਲਦੇ ਧਾਵਾ ਦਲੇਰ ਹੋ ਕੇ,
ਜਾਫੀ, ਪਕੜ ਕੇ ਰਗੜ ਰਗੜਾਈ ਕਰਦੇ।
ਨਸ਼ੇਖੋਰ, ਕਮਜ਼ੋਰ ਨਾਲ ਇਵੇਂ ਹੋਵੇ,
ਜਿਵੇਂ ਨਾਲ ਕੜਾਹ ਦੇ ਭਾਈ ਕਰਦੇ।
ਟੰਗਾਂ ਖਿੱਚਣ ਦੀ ਲੈ ਸਿਖਲਾਈ ਲੈਂਦੇ,
ਫਰਕ ਫੇਰ ਨਾ 'ਕੈਲਵੀ' ਰਾਈ ਕਰਦੇ।

----- 0 -----

❀ ਸੱਤਾ/ਸੇਵਾ ❀

ਭੀੜਾਂ ਜੋੜ, ਸਮਾਗਮ ਰਚਾਉਣ ਹਾਕਮ,
ਧੂੰਆਂਧਾਰ ਹੈ ਨਿੱਤ ਪਰਚਾਰ ਹੁੰਦਾ!
ਰੋਡ ਸ਼ੋਅ, ਉਦਘਾਟਨ ਤੇ ਸੰਗਤ ਦਰਸ਼ਨ,
ਆਮ ਬੰਦਾ ਹੈ ਖੂਬ ਖਵਾਰ ਹੁੰਦਾ।
ਜਨਤਕ ਧਨ ਉਜਾੜਿਆ ਜਾਏ ਵਾਹਵਾਹ,
ਅੱਗੇ ਪਿਛੇ ਹੈ ਪੂਰਾ ਪਰਿਵਾਰ ਹੁੰਦਾ।
ਸਾਡੀ ਸੇਵਾ ਲਈ ਸੱਤਾ ਸੰਭਾਲਦੇ ਉਹ,
ਸਿਰ ਕੈਲਵੀ ਕਿੰਨਾ ਹੈ ਭਾਰ ਹੁੰਦਾ!!

----- 0 -----

❀ ਰੱਬ ਤੋਂ ਮੰਗਣਾ ❀

ਰੱਬਾ, ਆਹ ਦੇ ਦੇ, ਰੱਬਾ ! ਅਹੁ ਦੇ ਦੇ,
ਹਰ ਕੋਈ ਮੰਗਦਾ, ਰੱਬ ਨੂੰ ਵਖਤ ਪਾਇਆ।
ਕੋਈ ਟੱਲ ਖੜਕਾ ਕੇ ਮੰਗਦਾ ਏ,
ਬਾਂਗਾਂ ਦੇ ਦੇ ਕਿਸੇ ਨੇ ਬੌਂਦਲਾਇਆ।
ਆਏ ਤੇਰੇ ਸੰਸਾਰ ਵਿੱਚ ਐਸ਼ ਕਰਨੀ,
ਛੱਪਰ ਪਾੜ ਕੇ ਦੇਹ ਬੇਅੰਤ ਮਾਇਆ।
ਸਦਾ ਮੰਗਿਆ ਕੈਲਵੀ ਰੱਬ ਕੋਲੋਂ,
ਸਾਡੇ ਸਿਰ ਤੇ ਮਿਹਰ ਦਾ ਕਰ ਸਾਇਆ।

----- 0 -----

❀ ਠੱਗ ਟੋਲੇ ❀

ਕਈ ਕਈ ਵੇਸ ਕਰਕੇ, ਕਈ ਕਈ ਭੇਸ ਕਰਕੇ,
ਥਾਂ ਥਾਂ ਫਿਰਦੇ ਨੇ ਸੱਜਣਾ! ਠੱਗ ਟੋਲੇ।
ਜਾਲ ਲਾ ਕੇ, ਫਾਹੁੰਦੇ ਨੇ ਭੋਲਿਆਂ ਨੂੰ
ਕਰਕੇ ਗੋਲ ਗੱਲਾਂ, ਰੱਖਣ ਪੇਚ ਉਹਲੇ।
ਕੋਈ ਲੁੱਟਦਾ ਭਗਵਾਂ ਪਹਿਨ ਚੋਲਾ,
ਰਾਜਨੀਤੀ ਦੀ ਤੱਕੜੀ ਕੋਈ ਤੋਲੇ।
ਘਾਟਾ ਕੈਲਵੀ ਅਕਲ ਤੇ ਸੂਝ ਦਾ ਹੈ,
ਵੇਚ ਗੈਰਤਾਂ ਬਣੇ ਹਾਂ ਅਸੀਂ ਟੋਲੇ।

9878381474

****



ਭਾਈ ਦਿੱਤ ਸਿੰਘ ਪੱਤ੍ਰਿਕਾ

ਮੁੱਲ 35/- *ਗਿਆਨੀ ਦਿੱਤ ਸਿੰਘ ਮੈਮੋਰੀਅਲ ਸੁਸਾਇਟੀ (ਰਜਿ:) ਦੀ ਸਰਪ੍ਰਸਤੀ ਅਧੀਨ*

ਅੰਕ 114 ● ਸਾਲ 10 ● 6 ਜੂਨ 2019 (ਮਾਸਿਕ,ਪੰਜਾਬੀ) ● ਕੁੱਲ ਪੰਨੇ 48

ਤੱਤਕਰਾ

ਰਚਨਾਵਾਂ ਭੇਜਣ ਲਈ ਪਤਾ: ਭਾਈ ਦਿੱਤ ਸਿੰਘ ਪੱਤ੍ਰਿਕਾ # 712, ਅਨੰਦਪੁਰ ਕੰਪਲੈਕਸ, ਕਜਹੇੜੀ, ਯੂ.ਟੀ.ਚੰਡੀਗੜ੍ਹ-160036 ਫੋਨ: 9465216530

ਈ-ਮੇਲ - bhaiditsinghpatrikachd@gmail.com or bhaiditsinghpatrika@yahoo.com

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/

ਚੰਦਿਆਂ ਦਾ ਵੇਰਵਾ

ਸਮਾਂ	ਦੇਸ਼ 'ਚ	ਵਿਦੇਸ਼ 'ਚ
ਸਾਲਾਨਾ	400/-	$ 70
ਪੰਜ ਸਾਲ	1600/-	$ 350
ਲਾਈਫ ਮੈਂਬਰ	12,000/-	$ 3000

ਮਾਇਆ ਭੇਜਣ ਲਈ ਪਤਾ:- ਭਾਈ ਦਿੱਤ ਸਿੰਘ ਪੱਤ੍ਰਿਕਾ

A/c No. 65139724105, IFSC Code: SBIN0050435swift

ਸਟੇਟ ਬੈਂਕ ਆਫ਼ ਇੰਡੀਆ, ਸ਼ਾਖਾ ਕਜਹੇੜੀ, ਚੰਡੀਗੜ੍ਹ।

ਛਾਪਕ, ਆਰ.ਕੇ. ਸ਼ਰਮਾ ਅਤੇ ਪ੍ਰਕਾਸ਼ਕ ਸ. ਨਸੀਬ ਸਿੰਘ ਸੇਵਕ ਨੇ ਮਾਲਕ ਸ. ਨਸੀਬ ਸਿੰਘ ਸੇਵਕ ਦੇ ਤੌਰ 'ਤੇ ਦੁਰਗਾ ਪ੍ਰਿੰਟ-ਓ-ਪੈਕ ਕਜਹੇੜੀ ਚੰਡੀਗੜ੍ਹ ਫੋਨ: 0172-2667070 ਤੋਂ ਛਪਵਾ ਕੇ 712, ਅਨੰਦਪੁਰ ਕੰਪਲੈਕਸ ਕਜਹੇੜੀ (ਚੰਡੀਗੜ੍ਹ) ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਪ੍ਰਿੰ: ਨਸੀਬ ਸਿੰਘ ਸੇਵਕ

ਰੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ 'ਤੇ ਮਨਾਉਣਗੇ- ਪਰ ਅਸਲ ਸੰਦੇਸ਼ ਤੋਂ ਦੂਰ ਹੀ ਰਹਿਣਗੇ !!!



ਪ੍ਰਿੰ: ਨਸੀਬ ਸਿੰਘ ਸੇਵਕ

ਸੰਪਾਦਕੀ ਦੇ ਪਹਿਲੇ ਭਾਗ ਭਾਵ ਮਈ ਮਹੀਨੇ ਦੀ ਸੰਪਾਦਕੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਨਾਲ ਸਬੰਧਤ ਸੀ ਵਿੱਚ ਕੋਸ਼ਿਸ਼ ਕੀਤੀ ਗਈ ਸੀ ਸਿੱਖੀ ਦੇ ਆਧੁਨਿਕ ਹਾਲਾਤਾਂ ਬਾਰੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਜਥੇਬੰਦੀਆਂ ਦੀ ਕਾਰਵਾਈ, ਸੁਹਿਰਦਾ ਆਦਿ ਬਾਰੇ ਗੱਲ ਕੀਤੀ ਗਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਬਾਰੇ ਗੱਲਬਾਤ ਚਲ ਰਹੀ ਸੀ ਕਿ ਉਹ ਇਕ ਧਾਰਮਿਕ ਸੰਸਥਾ ਹੈ ਜੋ ਸਿੱਖਾਂ 'ਤੇ ਸਿੱਖੀ ਦੀ ਨੁਮਾਇੰਦਗੀ ਕਰਦੀ ਹੈ ਜੋ ਕਿ ਉਸ ਦਾ ਮੁੱਖ ਉਦੇਸ਼ ਹੈ ਪਰ ਉਸ ਦੇ ਕਾਰਜਾਂ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਉਹ ਕਿ ਧਾਰਮਿਕ ਘੱਟ ਤੇ ਸਿਆਸੀ ਜ਼ਿਆਦਾ ਬਣਦੀ ਜਾ ਰਹੀ ਹੈ। ਕਾਰਨ ਸਾਫ ਹੈ ਕਿ ਇਸ ਕਮੇਟੀ 'ਤੇ ਇਕ ਹੀ ਪਾਰਟੀ ਦਾ ਕਬਜ਼ਾ ਹੈ ਜੋ ਨਿਰੋਲ ਸਿਆਸੀ ਹੈ। ਇਕ ਤਾਜ਼ਾ ਉਦਾਹਰਣ ਕਿ ਇਸ ਦਾ ਮੌਜੂਦਾ ਪ੍ਰਧਾਨ ਆਪਣੀ ਇਸ ਪਾਰਟੀ ਦੇ ਸੰਸਦ ਦੀ ਵੋਟ ਲੜ ਰਹੇ ਉਮੀਦਵਾਰ ਦੀ ਸ਼ਰੇਆਮ ਮਦਦ ਕਰ ਰਿਹਾ ਹਾਂ।

ਜੇ ਇਸ ਵਿਸ਼ੇ ਤੋਂ ਹੱਟ ਕੇ ਸੋਚੀਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਉਦੇਸ਼ ਹੈ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ। 2020 ਵਿੱਚ ਇਸ ਦੀ ਉਮਰ 100 ਸਾਲ ਹੋ ਜਾਵੇਗੀ। ਜੇ ਇਸ ਇਕ ਸਦੀ ਦੀ ਕਾਰਗੁਜ਼ਾਰੀ ਤੇ ਝਾਤ ਮਾਰੀਏ ਤਾਂ ਨਿਰਾਸ਼ਾ ਤੋਂ ਵੱਧ ਕੁਝ ਵੀ ਪੱਲੇ ਨਹੀਂ ਪਵੇਗਾ। ਖਾਸ ਕਰਕੇ 6 ਦਹਾਕਿਆਂ ਦੀ ਕਾਰਗੁਜ਼ਾਰੀ ਤਾਂ ਅਤਿ ਦੀ ਸ਼ਰਮਨਾਕ ਹੈ। ਸਿੱਖੀ ਦੀ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਹੈ। ਸਿੱਖ ਬੱਚੇ ਖਾਸ ਕਰਕੇ ਪੰਜਾਬ ਦੇ ਨੌਜੁਆਨ ਘੋਨ-ਮੋਨ, ਨਸ਼ੇੜੀ ਹੀ ਦਿਖਾਈ ਦਿੰਦੇ ਹਨ। ਬਾਬੇ ਨਾਨਕ ਦੇ ਸੁਹਣੇ ਗੁਲਾਬ ਵਰਗੇ ਪੰਜਾਬ ਦੀ ਪਹਿਚਾਣ ਅੱਜ ਚਿੱਟੇ ਨਾਲ ਜੁੜ ਗਈ ਹੈ। ਨਵੀਂ ਪੀੜ੍ਹੀ ਗੁਰਬਾਣੀ ਨਾਲੋਂ ਲਗਭਗ ਟੁਟ ਗਈ ਹੈ ਅਤੇ ਮੋਬਾਇਲ ਨਾਲ ਜੁੜ ਗਈ ਹੈ। ਇਹ ਇਕ ਬਹੁਤ ਹੀ ਗੰਭੀਰ ਵਿਸ਼ਾ ਹੈ ਕਿਉਂਕਿ ਜੇ ਅਜੇਹੇ ਹਾਲਾਤ ਰਹੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਕੋਲ ਸਿਰਫ ਨਾਮ ਦੀ ਸਰਦਾਰੀ ਰਹਿ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਅਹਿਮ ਜ਼ਿਮੇਵਾਰੀ ਹੈ ਕਿ ਅਜੋਕੀ ਪੀੜ੍ਹੀ ਨੂੰ ਸੰਭਾਲੇ, ਸੁਹਿਰਦ ਉਪਰਾਲੇ ਕੀਤੇ ਜਾਣ, ਬੱਚਿਆਂ ਨੂੰ ਬਚਪਨ ਤੋਂ ਹੀ ਸਿੱਖੀ ਨਾਲ ਜੋੜਨ ਲਈ ਧਾਰਮਿਕ ਸੰਸਥਾਵਾਂ ਖੋਲੀਆਂ ਜਾਣ। ਪਰ ਇਹ ਸਭ ਤਾਂ ਹੀ ਹੋ ਸਕੇਗਾ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਰੋਲ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੰਮ ਕਰੇ। ਸਿਆਸੀ ਲੋਕਾਂ ਨੂੰ ਅਲਵਿਦਾ ਕਹਿ ਦਿੱਤੀ ਜਾਵੇ। ਪ੍ਰਧਾਨ ਸਮੇਤ ਬਾਕੀ ਮੈਂਬਰ ਪੂਰੀ ਤਰ੍ਹਾਂ ਸਿੱਖੀ ਪ੍ਰਤੀ ਸਮਰਪਿਤ ਹੋਣ। ਵੋਟਾਂ ਪਾਉਣ ਵਾਲੇ ਸਿੱਖਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਕਮੇਟੀ ਦੇ ਸਹੀ ਮੈਂਬਰਾਂ ਨੂੰ ਚੁਣੇ। 2011 ਕਮੇਟੀ ਦੀਆਂ ਚੋਣਾਂ ਵੇਲੇ ਦੇਖਿਆਂ ਗਿਆ ਕਿ ਯੂ.ਪੀ., ਬਿਹਾਰ ਦੇ ਭਈਏ ਵੀ ਪੀਲੇ ਪਟਕੇ ਬੰਨ੍ਹ ਕੇ ਵੋਟਾਂ ਪਾ ਰਹੇ ਸਨ। ਬੇਅੰਤ ਸ਼ਰਮਨਾਕ ਸੀ ਅਜੇਹੇ ਦ੍ਰਿਸ਼। ਹਰ ਸਿੱਖ ਅਤੇ ਮੁਕੰਮਲ ਕਮੇਟੀ ਇਸ ਕਾਰਜ ਲਈ ਆਪਣੀ ਭੂਮਿਕਾ ਨਿਭਾਏ ਕਿ ਸਿੱਖ ਕੌਮ ਦੀ ਸਿਰਮੌਰ ਕਮੇਟੀ ਦੀ ਚੋਣ ਅਤਿ ਤੋਂ ਜ਼ਿਆਦਾ ਖਾਸ ਹੋਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਹੋਰ ਵੀ ਅਨੇਕਾਂ ਸੰਸਥਾਵਾਂ ਬਣੀਆਂ ਹੋਈਆਂ ਹਨ, ਡੇਰੇ, ਟਕਸਾਲਾਂ ਹਨ ਜੋ ਦਿਖਾਵਾ ਇਹ ਕਰਦੀਆਂ ਹਨ ਕਿ ਉਹੀ

ਹੀ ਸਭ ਤੋਂ ਵੱਧ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਦੇ ਹਨ ਪਰ ਇਹ ਹਕੀਕਤ ਨਹੀਂ ਹੈ, ਉਹ ਤਾਂ ਸਿਰਫ ਆਪਣੀ ਸੋਭਾ ਅਤੇ ਧੰਨ ਇਕੱਠਾ ਕਰਨ ਲਈ ਸਭ ਕੁੱਝ ਕਰਦੇ ਹਨ। ਸੰਗਤਾਂ ਨੂੰ ਗੁੰਮਰਾਹ ਕਰਦੇ ਹਨ। ਇਕ ਨਿੱਕੀ ਜੀ ਉਦਾਹਰਣ ਹੈ: ਬਾਬੇ, ਪਿੰਡਾਂ ਤੇ ਸ਼ਹਿਰਾਂ ਵਿੱਚ ਕਈ ਕਈ ਦਿਨਾਂ ਦੇ ਦੀਵਾਨ ਲਾਉਂਦੇ ਹਨ। ਕਚੀਆਂ ਧਾਰਨਾਵਾਂ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜੋ ਕਿ ਗੁਰਬਾਣੀ ਦਾ ਨਿਰਾਦਰ ਹੈ ਫਿਰ ਵੀ ਭੋਲੀ ਭਾਲੀ ਦੁਨੀਆਂ ਉਨ੍ਹਾਂ ਦੇ ਚੱਕਰਾਂ ਵਿੱਚ ਫਸੀ ਜਾ ਰਹੀ ਹੈ। ਦੀਵਾਨਾਂ ਦੇ ਆਖਰੀ ਦਿਨ ਅੰਮ੍ਰਿਤ ਸੰਚਾਰ ਕਰਦੇ ਹਨ ਦੂਜੇ ਦਿਨ ਅਖਬਾਰਾਂ ਵਿੱਚ ਖਬਰਾਂ ਲਗਦੀਆਂ ਹਨ 500, 600 ਜਾਂ 1000 ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਜੇ ਅਖਬਾਰਾਂ ਦੀਆਂ ਖਬਰਾਂ ਦੀ ਹੀ ਗਿਣਤੀ ਕਰ ਲਈਏ ਤਾਂ ਗਿਣਤੀ ਸਿੱਖਾਂ ਦੀ ਕੁੱਲ ਗਿਣਤੀ ਤੋਂ ਵੀ ਅੱਗੇ ਲੰਘ ਜਾਵੇਗੀ ਪਰ ਅਸਲੀਅਤ ਵਿੱਚ ਦੇਖਣ ਨੂੰ ਅੰਮ੍ਰਿਤਧਾਰੀ ਸਿੱਖਾਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੈ। ਇਸ ਤਰ੍ਹਾਂ ਕਹਿ ਸਕਦੇ ਹਨ ਕਿ ਵਿਖਾਵਾ ਅਸਲੀਅਤ 'ਤੇ ਭਾਰੂ ਹੈ।

ਦਰਅਸਲ ਧਰਮ ਦਾ ਮਖੌਟਾ ਪਹਿਨਕੇ ਜਾਂ ਧਰਮ ਦੇ ਨਾਂ 'ਤੇ ਕਾਰਜ ਇਕ ਗੋਰਖ ਧੰਦਾ ਬਣ ਗਿਆ। ਲੋਕਾਂ ਨੂੰ ਜਿੰਨਾ ਮਰਜ਼ੀ ਲੁਟੀ ਜਾਵੋ, ਉਹ ਹੱਸ ਕੇ ਪ੍ਰਵਾਨ ਕਰਨਗੇ। ਅਜੋਕੇ ਸਮੇਂ ਵਿੱਚ ਇਹੀ ਕੁਝ ਹੋ ਰਿਹਾ ਹੈ, ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਪਾਸੇ ਕਰਕੇ ਲੋਕੀ ਬਿਨਾ ਸੋਚੇ ਸਮਝ ਵਹੀਰਾਂ ਘੱਤ-ਘੱਤ ਕੇ ਆਪੂ ਬਣੇ ਬਾਬੇ ਸੰਤਾਂ ਦੇ ਮਗਰ ਜਾ ਰਹੇ। ਗੱਲ ਇਥੇ ਮੁਕਦੀ ਏ ਕਿ ਖਾਲਸਾ ਕੌਮ ਦੀ ਜਿਵੇਂ ਪਹਿਚਾਣ ਤੇ ਦਿੱਖ ਵੱਖਰੀ ਹੈ ਬਹੁਤੇ ਲੋਕ ਇਸ ਨੂੰ ਕਾਇਮ ਨਹੀਂ ਰੱਖ ਰਹੇ। ਸਿੱਖ ਦਾ ਪਹਿਰਾਵਾ ਅਤੀ ਪ੍ਰਭਾਵਤ ਕਰਨ ਵਾਲਾ ਹੈ ਦੁਨੀਆਂ ਵਿੱਚ ਇਕ ਨਿਵੇਕਲੀ ਥਾਂ ਹੈ ਹਰ ਇਕ ਸਹੁਣੀ ਦਸਤਾਰ ਤੇ ਪੌਸ਼ਾਕ, ਖੁਲਾ ਦਾਹੜਾ ਵੇਖ ਕੇ ਧੁਰ ਅੰਦਰੋਂ ਖੁਸ਼ ਹੋ ਜਾਂਦਾ ਹੈ। ਮੇਰੀਆਂ ਇਸ ਸਬੰਧੀ ਕਈ ਹੱਡ ਬੀਤੀਆਂ ਹਨ। 1996 ਵਿੱਚ ਰੈਡ ਕਰਾਸ ਵੱਲੋਂ ਸਕੂਲ ਮੁੱਖੀਆਂ ਦਾ ਤਾਰਾ ਦੇਵੀ (ਸ਼ਿਮਲਾ) ਵਿਖੇ ਕੈਂਪ ਲੱਗਿਆ ਸੀ। ਦਸੰਬਰ ਦਾ ਮਹੀਨਾ ਸੀ ਕੁਫਰੀ ਬਰਫ ਪੈ ਰਹੀ ਸੀ। ਮੇਰੀ ਖੁਲੀ ਦਾਹੜੀ 'ਤੇ ਬਰਫ਼ ਰੂੰ ਵਾਂਗੂ ਗਿੱਡ ਰਹੀ ਸੀ ਉਥੇ ਦੁਨੀਆਂ ਭਰ ਤੋਂ ਆਏ ਸਲਾਨੀ ਬੇਅੰਤ ਪ੍ਰਭਾਵਿਤ ਹੋਏ ਤੇ ਮੇਰੇ ਨਾਲ ਫੋਟੋ ਖਿਚਵਾਉਣ ਲਈ ਇਕ ਦੂਜੇ ਤੋਂ ਮੂਹਰੇ ਸਨ। ਬੜਾ ਅਜੀਬ ਜਿਹਾ ਨਜ਼ਾਰਾ ਸੀ। ਮੈਂ ਸਿੱਖੀ ਤੇ ਮਾਣ ਕਰਦਾ ਹੋਇਆ ਬੇਹੱਦ ਖੁਸ਼ ਸੀ। ਦੂਜੀ ਹੱਡ ਬੀਤੀ 2005 ਵਿੱਚ ਮੈਂ ਆਪਣੇ ਬੇਟੇ ਨਾਲ ਚੀਨ ਵਿਖੇ ਰੋਲਰ ਸਕੇਟਿੰਗ ਵਰਲਡ ਚੈਪੀਅਨਸ਼ਿਪ ਦੀ ਟੀਮ ਜਿਸ ਦਾ ਕੈਪਟਨ ਮੇਰਾ ਸਪੁੱਤਰ ਹਰਕਿਰਨ ਸਿੰਘ 'ਨਿੱਪੀ' ਸੀ, ਨਾਲ ਗਿਆ ਸੀ। ਉਦਘਾਟਨੀ ਸਮਾਰੋਹ ਮੌਕੇ ਦਰਸ਼ਕਾਂ ਦੀਆਂ ਪੌੜੀਆਂ ਵਿੱਚ ਬੈਠਿਆਂ, ਕਿਸੇ ਫੋਟੋ ਗਰਾਫਰ ਦੇ ਮੈਂ ਇਕੱਲਾ ਸਰਦਾਰ ਖੁਲ੍ਹੀ ਦਾਹੜੀ ਵਾਲਾ ਨਜ਼ਰੀਂ ਪੈ ਗਿਆ। ਸਚ ਜਾਣੋ ਕੋਈ 30-35 ਫੋਟੋ ਗਰਾਫਰਾਂ ਨੇ ਮੈਨੂੰ ਬਾਹਰ ਬੁਲਾਕੇ ਧੜਾ-ਧੜ ਫਲੈਸ ਮਾਰਨੇ ਸ਼ੁਰੂ ਕੀਤੇ। ਮੈਂ ਹੈਰਾਨ ਸੀ ਕਿ ਆਹ ਕੀ ਕਰਮਾਤ ਹੈ। ਦੂਜੇ ਸਵੇਰੇ ਨਿੱਪੀ ਨੂੰ ਚੰਡੀਗੜ੍ਹ ਤੋਂ ਫੋਨ ਆਉਣ ਲੱਗ ਪਏ ਕਿ ਨਿੱਪੀ ਤੇਰੇ ਡੈਡੀ ਦੀ ਫੋਟੋ ਚੀਨ ਦੇ ਅਖਬਾਰਾਂ ਵਿੱਚ ਛਪੀ ਹੋਈ ਹੈ। ਬਾਬੇ ਨਾਨਕ ਦੀ ਸਿੱਖੀ 'ਤੇ ਫਖਰ ਮਹਿਸੂਸ ਕਰਨ ਦੇ ਨਾਲ-ਨਾਲ ਵਾਹਿਗੁਰੂ ਦਾ ਧੰਨਵਾਦਿ ਵੀ ਕੀਤਾ। ਇਹ ਉਦਾਹਰਣਾਂ ਦੇਣ ਦਾ ਮਕਸਦ ਇਹ ਹੈ ਕਿ ਸਿੱਖੀ ਇਕ ਵੱਖਰੇ ਅਜੂਬੇ ਦੀ ਤਰ੍ਹਾਂ ਹੈ ਜੋ ਦੁਨੀਆਂ ਦੇ ਹਰ ਕੋਨੇ ਵਿੱਚ ਦੇਖਿਆ ਜਾ ਸਕਦਾ ਹੈ। ਦੁਨੀਆਂ ਦੇ ਹਰ ਸਿੱਖ ਨੂੰ ਇਸ ਵੱਡਮੁੱਲੀ ਤੇ ਨਿਵੇਕਲੀ ਖੂਬਸੂਰਤ ਸੌਗਾਤ ਤੇ ਮਾਣ ਕਰਨਾ ਸੁਭਾਵਿਕ ਹੈ ਤੇ ਕਰਨਾ ਵੀ ਚਾਹੀਦਾ ਹੈ। ਅਸਲ ਮੁੱਦੇ ਦੀ ਗੱਲ ਕਰੀਏ। ਸਿੱਖ ਕੌਮ ਨੇ ਅਜੇਹੇ ਸੁੱਭ ਦਿਹਾੜੇ ਸ਼ਰਧਾ ਨਾਲ ਮਨਾਉਣਾ ਚਾਹੀਦੇ ਹਨ ਪਰ ਅਤੀ ਅਫਸੋਸ ਕਿ ਅਸੀਂ ਸਿੱਖੀ ਨਾਲ ਸਬੰਧਤ ਦਿਹਾੜਿਆਂ ਨੂੰ ਛੱਡ ਕੇ ਬਾਬਿਆਂ ਦੀ ਬਰਸੀ ਮਨਾਉਂਦੇ ਹਾਂ। ਅਖੰਡ ਪਾਠਾਂ ਦੀਆਂ ਲੜੀਆਂ ਚਲਾਉਂਦੇ ਹਨ ਪਰ ਅਸੀਂ ਆਪਣੇ ਗੁਰੂਆਂ ਅਤੇ ਮਹਾਨ ਸ਼ਹੀਦਾਂ ਨੇ ਦਿਹਾੜੇ ਉਕਾ ਹੀ ਭੁੱਲ ਚੁੱਕੇ ਹਾਂ। ਗੁਰੂਆਂ ਦੇ ਜੋ ਵੀ ਪਵਿੱਤਰ ਦਿਹਾੜੇ ਮਨਾਉਂਦੇ ਹਾਂ ਉਹ ਸਾਰੇ ਰਾਜਨੀਤਕ ਲਾਹੇ ਜਾਂ ਵੋਟਾਂ ਲਈ ਮਨਾਉਂਦੇ ਹਾਂ। ਉਪਰੋਂ ਉਪਰੋਂ ਦੀਖਾਵਾਂ ਇਹੀ ਹੁੰਦਾ ਹੈ ਕਿ ਅਸੀਂ ਸਿੱਖੀ ਤੇ ਸਿੱਖ ਗੁਰੂਆਂ ਤੇ ਗੁਰੂ ਗ੍ਰੰਥ

ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਹਾਂ ਪਰ ਅਸਲੀਅਤ ਤੋਂ ਕੋਹਾਂ ਦੂਰ ਹੈ। ਅਸੀਂ ਇਸ ਦਾ ਵਿਰੋਧ ਨਹੀਂ ਕਰਦੇ, ਏਨਾ ਹੀ ਕਹਾਂਗੇ ਕੇ ਦਿਹਾੜੇ ਸ਼ਰਧਾ ਨਾਲ ਤਾਂ ਮਨਾਉਣੇ ਹੀ ਚਾਹੀਦੇ ਹਨ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸੰਦੇਸ਼ ਨੂੰ ਹਰ ਪ੍ਰਾਣੀ ਤੱਕ ਪੁੱਜਦਾ ਕਰਨਾ ਇਕੋ ਇਕ ਨਿਸ਼ਾਨਾ ਹੋਣਾ ਚਾਹੀਦਾ ਹੈ। ਪਰ ਵੇਖਣ ਵਿੱਚ ਆਉਂਦਾ ਹਾਂ ਕਿ ਅਸੀਂ ਇਸ ਦੀ ਉਕਾ ਵੀ ਪਰਵਾਹ ਨਹੀਂ ਕਰਦੇ। ਇਸ ਦੇ ਉਲਟ ਸਿੱਖੀ ਵਿਰੋਧੀ ਤਾਕਤਾਂ ਬਹੁਤ ਹੀ ਸੰਜੀਦਗੀ ਨਾਲ ਆਪਣਾ ਕਾਰਜ ਬਾਖ਼ੂਬੀ ਕਰ ਰਹੀਆਂ ਹਨ। ਅਖ਼ਬਾਰਾਂ ਵਿੱਚ ਕਈ ਵਾਰ ਪੜ੍ਹ ਚੁੱਕੇ ਹਾਂ ਸਾਡੇ ਗੁਰੂਆਂ ਬਾਰੇ ਕਾਫੀ ਕੁਝ ਉਟ-ਪਟਾਂਗ ਲਿਖਕੇ ਕਿਤਾਬਾਂ ਛਪੀਆਂ ਹਨ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਦਸਮ ਗ੍ਰੰਥ ਕੋਈ ਐਵੇਂ ਹੀ ਨਹੀਂ ਆ ਗਿਆ ਸਗੋਂ ਇਹ ਇਕ ਖਾਸ ਸਾਜਸ਼ ਅਧੀਨ ਸਾਡੇ ਵਿਹੜੇ ਵਿੱਚ ਸੁਟਿਆ ਗਿਆ ਹੈ। ਨਤੀਜੇ ਵਜੋਂ ਦੋ ਧਿਰਾਂ ਬਣਾ ਦਿਤੀਆਂ ਗਈਆਂ ਤੇ ਵਿਰੋਧੀ ਤਾਕਤਾਂ ਸਾਡਾ ਤਮਸ਼ਾ ਦੇਖ ਰਹੀਆਂ ਹਨ। ਅਸੀਂ ਇਸ ਨੂੰ ਗੰਭੀਰਤਾ ਨਹੀਂ ਵੇਖ ਰਹੇ ਸਗੋਂ ਵਿਰੋਧੀਆਂ ਦੀਆਂ ਚਾਲਾਂ ਵਿੱਚ ਫਸੀ ਜਾ ਰਹੇ ਹਾਂ। ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਅਜੇਹੇ ਪਵਿੱਤਰ ਦਿਹਾੜਿਆਂ ਨੂੰ ਮਨਾਉਣ ਦੀ ਪੂਰੀ ਪੂਰੀ ਪ੍ਰੋੜਤਾ ਕਰਦਾ ਹੈ ਪਰ ਇਹ ਦਿਖਾਵਾਇਆ ਤੋਂ ਉਪਰ ਉਠ ਕੇ ਹੋਣ ਅਤੇ ਕੌਮ ਨੂੰ ਸਹੀ ਸੇਧ ਦੇਣ ਦਾ ਕਾਰਜ ਕਰਨ। ਇਕ ਅੰਦਾਜ਼ੇ ਮੁਤਾਬਿਕ ਅਜੇਹੇ ਸਮਾਰੋਹ ਸਿਰਫ ਤੇ ਸਿਰਫ ਵੋਟਾਂ ਬਟਰੋਨ ਲਈ ਕੀਤੇ ਜਾਂਦੇ ਅਤੇ ਅੱਜ ਇਹ ਇਕ ਰਿਵਾਜ ਬਣ ਗਿਆ। 1975 ਵਿੱਚ ਗਿਆਨੀ ਜੈਲ ਸਿੰਘ ਦੀ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਾ ਕੇ ਇਸ ਦੀ ਸ਼ੁਰੂਆਤ ਕੀਤੀ ਸੀ। ਅੱਜ ਇਸ ਮਾਰਗ ਦੀ ਕਿਤੇ ਕੋਈ ਨਿਸ਼ਾਨਦੇਹੀ ਨਹੀਂ ਹੈ। 50 ਸਾਲਾ, 100 ਸਾਲਾ, 150 ਸਾਲਾ, 200 ਸਾਲਾ, 300 ਸਾਲਾ ਸਤਾਬਦੀਆਂ ਆਦਿ ਇਸੇ ਕੜੀ ਦਾ ਹਿੱਸਾ ਹਨ। ਇਹ ਰਿਵਾਜ ਸਿੱਖਾਂ ਵਿੱਚ ਹੀ ਵੱਧ ਵੇਖਿਆ ਗਿਆ ਪਰ ਅਫਸੋਸ ਅੱਜ ਤੱਕ ਕੌਮ ਨੂੰ ਕੋਈ ਖਾਸ ਸੰਦੇਸ਼ ਨਹੀਂ ਮਿਲਿਆ 1999 ਵਿੱਚ ਅਕਾਲੀ ਸਰਕਾਰ ਨੇ ਖਾਲਸੇ ਦਾ 300 ਵਾਂ ਦਿਵਸ ਸ੍ਰੀ ਅਨੰਦ ਸਾਹਿਬ ਦੀ ਪਵਿੱਤਰ ਧਰਤੀ ਤੇ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਗਿਆ ਸੀ। ਮਹੀਨਾ ਭਰ ਇਸ ਪਵਿੱਤਰ ਧਰਤੀ 'ਤੇ ਖ਼ੂਬ ਰੌਣਕਾ ਰਹੀਆਂ। ਬੇਅੰਤ ਮਾਇਆ ਇਕੱਠੀ ਹੋਈ। ਵਾਜਪਾਈ ਦੀ ਕੇਂਦਰ ਸਰਕਾਰ ਨੇ 300 ਕਰੋੜ ਰੁਪਿਆ ਦਿੱਤਾ। ਬਾਹਰੋਂ ਅਰਬਾਂ-ਖਰਬਾਂ ਮਾਇਆ ਆਈ। ਬੈਂਕ ਨੇ ਖ਼ੂਬ ਸੇਵਾ ਕੀਤੀ। "ਇਨੇ ਪੈਸੇ ਦੇ ਲਾਲਚ ਵਿੱਚ ਪੰਜਾਬ ਦੇ ਦੋ ਮੋਹਰੀ ਲੀਡਰਾਂ ਵਿੱਚ ਖੜਕ ਗਈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਕੁਰਸੀ ਛੱਡਣੀ ਪਈ ਸੀ। ਇਕ ਅੰਦਾਜ਼ੇ ਅਨੁਸਾਰ ਏਨਾ ਕੁ ਪੈਸਾ ਇਕੱਠਾ ਹੋ ਗਿਆ ਸੀ ਜੋ ਗਿਣਿਆ ਨਹੀਂ ਜਾ ਸਕਦਾ ਸੀ ਬੱਸ ਚੜ੍ਹਾਵਾ ਬੋਰੀਆਂ ਵਿੱਚ ਭਰ-ਭਰ ਕੇ ਪਤਾ ਨੀ ਕਿਥੇ ਪੁੱਜ ਗਿਆ। ਇਕ ਉਦਾਹਰਣ ਹੈ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨ ਸੁਸਾਇਟੀ ਵਲੋਂ 3, 4, 5, 6 ਸਤੰਬਰ 2001 ਨੂੰ ਗਿਆਨੀ ਜੀ ਦੇ ਜੱਦੀ ਪਿੰਡ ਕਲੌੜ (ਨੰਦਪੁਰ) ਫਤਹਿਗੜ੍ਹ ਸਾਹਿਬ ਵਿਖੇ ਉਨ੍ਹਾਂ ਦੀ 100 ਸਾਲਾਂ ਯਾਦ ਵਿਸ਼ਵ ਪੱਧਰ 'ਤੇ ਮਨਾਈ ਗਈ। ਮੁੱਖ ਸਮਾਗਮ 6 ਸਤੰਬਰ ਨੂੰ ਸੀ ਜਿਸ ਵਿੱਚ ਉਸ ਸਮੇਂ ਦੀ ਅਕਾਲੀ ਸਰਕਾਰ ਦੇ 8 ਮੰਤਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਸ਼ਿਰਕਤ ਕੀਤੀ ਸੀ। ਵੱਡੇ-ਵੱਡੇ ਐਲਾਨ ਕੀਤੇ ਜਿਨ੍ਹਾਂ ਵਿੱਚ ਗਿਆਨੀ ਜੀ ਦੀ ਸਾਰੀਆਂ ਲਿਖਤਾਂ ਮੁੜ ਛਾਪਣ ਲਈ 100000/- ਦੀ ਮੁੱਖ ਮੰਗ ਸੀ ਜੋ ਕਿ ਕਮੇਟੀ ਨੇ 24 ਸਤੰਬਰ 2001 ਨੂੰ ਪਾਸ ਕਰ ਦਿੱਤੇ ਸਨ ਪਰ ਅਜ ਤੱਕ ਉਨ੍ਹਾਂ 'ਤੇ ਅਮਲ ਨਹੀਂ ਹੋਇਆ। ਅਸੀਂ ਕਈ ਵਾਰੀ ਗਏ ਤੇ ਤੀਜੇ ਗੇੜੇ ਵਿੱਚ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਇਹ ਕਹਿ ਕੇ ਮਨਾ ਕਰ ਦਿੱਤਾ ਸੀ ਕਿ ਮਤਾ ਜ਼ਰੂਰ ਪਿਆ ਹੋਇਆ ਹੈ ਪਰ ਕਮੇਟੀ ਪਾਸ ਪੈਸੇ ਨਹੀਂ ਹਨ। ਖੈਰ ! ਜੋ ਹੋਇਆ ਉਸ ਤੇ ਕੋਈ ਗਿਲਾ ਨਹੀਂ ਪਰ ਸਵਾਲ ਇਹ ਹੈ ਕਿ ਅਰਬਾਂ-ਖਰਬਾਂ ਰੁਪਿਆਂ ਖਰਚ ਕੇ ਮਿਲਿਆ ਕੀ ? ਹਾਂ ਦੋ ਮੁੱਖ ਚੀਜ਼ਾਂ ਸਿੱਖ ਨੌਜੁਆਨਾਂ ਨੇ ਪ੍ਰਾਪਤ ਕੀਤੀਆਂ। ਇਸ ਤੋਂ ਬਾਅਦ ਚਿੱਟੇ ਦੇ ਆਦੀ ਹੋ ਗਏ ਅਤੇ ਬਹੁਤੇ ਸਿੱਖੀ ਦੀ ਪਹਿਚਾਣ ਖਤਮ ਕਰਕੇ ਘੋਨ-ਮੋਨ ਹੋ ਗਏ। ਸ਼੍ਰੋਮਣੀ ਕਮੇਟੀ ਸਮੇਤ ਹੋਰ ਸਾਰੀਆਂ ਸਿੱਖੀ ਨਾਲ ਸਬੰਧਤ ਸੰਸਥਾਵਾਂ ਤੇ ਸੁਹਿਰਦ ਸਿੱਖਾਂ ਦਾ ਇਹ ਫਰਜ਼ ਬਣਦਾ ਹੈ ਅਜੇ ਸ਼ੁੱਭ ਕਾਰਜ ਇਸ ਗੱਲ ਨੂੰ ਮੁੱਖ ਰਖਕੇ ਮਨੇ ਜਾਣ ਕਿ ਸਿੱਖੀ ਦੀ ਸ਼ਾਨ ਵਧੇ ਫੁਲੇ।

ਬਾਕੀ ਅਗਲੇ ਮਹੀਨੇ *9465216530*

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ



ਹਰੀ ਸਿੰਘ ਕੁਵੈਤ ਵਾਲੇ

ਇੱਕ ਦਿਨ ਡਾਕਟਰ ਸਾਹਿਬ ਤੇ ਗੁਰਮੁਖ ਪਿਆਰੇ ਘਰ ਦੇ ਬਗੀਚੇ ਵਿੱਚ ਬੈਠੇ ਗੁਰਮਤਿ ਦੀਆਂ ਵਿਚਾਰਾਂ ਕਰ ਰਹੇ ਸਨ ਕਿ ਉਨ੍ਹਾਂ ਦੇ ਨਾਲ ਦੇ ਘਰ ਵਿਚੋਂ ਬੜੀ ਜ਼ੋਰ ਜ਼ੋਰ ਦੀਆਂ ਆਵਾਜ਼ਾਂ ਸੁਣੀਆਂ। ਦੋਨੋ ਉੱਠ ਕੇ ਉੱਥੇ ਜਾਂ ਪੁੱਜੇ ਤਾਂ ਕੀ ਵੇਖਦੇ ਹਨ ਕਿ ਘਰ ਦੇ ਮਾਲਿਕ ਸੁਰਜੀਤ ਸਿੰਘ ਤੇ ਉਸ ਦੀ ਪਤਨੀ ਬਲਜਿੰਦਰ ਕੌਰ ਬੁੱਢੀ ਮਾਂ ਨੂੰ ਬਹੁਤ ਗੁੱਸੇ ਹੋ ਰਹੇ ਸਨ। ਇਨ੍ਹਾਂ ਨੂੰ ਵੇਖ ਕੇ ਸਾਰੇ ਚੁੱਪ ਹੋ ਗਏ ਤੇ ਸੁਰਜੀਤ ਸਿੰਘ ਨੇ ਉੱਠ ਕੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਪਾਸ ਪਈਆਂ ਕੁਰਸੀਆਂ ਤੇ ਬੈਠਣ ਵਾਸਤੇ ਬੇਨਤੀ ਕੀਤੀ।

ਡਾਕਟਰ-ਕਿਉਂ ਬਚਿਓ ਕੀ ਗੱਲ ਜੋ ਆਪਣੀ ਬੁੱਢੀ ਮਾਂ ਨਾਲ ਖੱਫਾ ਹੋ ਰਹੇ ਹੋ?

ਸੁਰਜੀਤ ਸਿੰਘ- ਜੀ, ਅਸੀਂ ਮਾਂ ਦਾ ਬਹੁਤ ਖਿਆਲ ਰੱਖਦੇ ਹਾਂ ਪਰ ਫਿਰ ਵੀ ਇਹ ਆਪਣੀ ਨੂੰਹ ਦੇ ਕੰਮ ਵਿੱਚ ਐਵੇਂ ਹੀ ਦਖਲ ਅੰਦਾਜੀ ਕਰਦੀ ਰਹਿੰਦੀ ਹੈ।

ਬੁੱਢੀ ਮਾਂ-ਭਰੇ ਦਿਲ ਨਾਲ ਰੋਂਦੀਂ ਹੋਈ ਬੋਲੀ ਇਹ ਬਿਲਕੁਲ ਝੂਠ ਕਹਿ ਰਿਹਾ ਹੈ। ਮੈਂ ਇੱਥੇ ਬਹੁਤ ਦੁੱਖੀ ਹਾਂ, ਨਾ ਵੇਲੇ ਸਿਰ ਰੋਟੀ, ਨਾ ਪਾਣੀ ਤੇ ਹਰ ਵੇਲੇ ਮੈਨੂੰ ਆਪਣੇ ਉਪਰ ਬੋਝ ਸਮਝਦੇ ਹਨ। ਮੈਂ ਤਾਂ ਕਈ ਵਾਰ ਕਿਹਾ ਹੈ ਕਿ ਜੇ ਤੁਸੀਂ ਰੋਟੀ ਨਹੀਂ ਦੇ ਸਕਦੇ ਤਾਂ ਮੈਨੂੰ ਕਿਸੇ ਬਿਰਧ ਘਰ ਛੱਡ ਆਵੋ।

ਸੁਰਜੀਤ ਸਿੰਘ-ਅੱਗੋ ਕੁਝ ਬੋਲਣ ਹੀ ਲੱਗਾ ਸੀ ਕਿ ਗੁਰਮੁਖ ਪਿਆਰੇ ਸਮਝਾਉਂਣ ਲੱਗੇ।

ਗੁਰਮੁਖ-ਵੇਖੋ ਬੇਟਾ ਜੀ! ਸਾਡੇ ਜਿੰਨੇ ਵੀ ਆਪਸੀ ਸੰਬੰਧ ਜਾਂ ਰਿਸ਼ਤੇ ਬਣਦੇ ਹਨ ਉਹ ਸਾਰੇ ਦਾਦਕੇ (ਤਾਏ, ਚਾਚੇ, ਭੂਆ) ਨਾਨਕੇ (ਮਾਮੇ, ਮਾਸੀਆਂ) ਅਤੇ ਸਹੁਰਿਆਂ (ਜੀਜੇ, ਸਾਲੀਆਂ) ਨਾਲ ਹੀ ਸੰਬੰਧਤ ਹੁੰਦੇ ਹਨ। ਸਾਡੇ ਸਾਰੇ ਸੰਬੰਧ, ਸਾਡੇ ਮੇਲ ਮਿਲਾਪ ਤੇ ਸਾਡੇ ਬੋਲ ਬਾਣੀ ਨਾਲ ਹੀ ਵਧਦੇ ਤੇ ਕਾਇਮ ਰਹਿ ਸਕਦੇ ਹਨ। ਇਹ ਸੰਬੰਧ ਸ਼ੀਸ਼ਿਆਂ ਵਾਂਗ ਬਹੁਤ ਨਾਜ਼ੁਕ ਹੁੰਦੇ ਹਨ। ਸ਼ੀਸ਼ਾ ਬਹੁਤ ਜਲਦੀ ਟੁੱਟ ਜਾਂਦਾ ਹੈ ਤੇ ਜੇ ਟੁੱਟੇ ਹੋਏ ਨੂੰ ਜੋੜ ਵੀ ਦਿੱਤਾ ਜਾਵੇ ਤਾਂ ਪਹਿਲੇ ਵਾਲੀ ਗੱਲ ਨਹੀਂ ਬਣਦੀ। ਇਸ ਤਰ੍ਹਾਂ ਜੇ ਇਕ ਵਾਰੀ ਇਨ੍ਹਾਂ ਸੰਬੰਧਾਂ ਵਿੱਚ ਤਰੇੜ ਪੈ ਜਾਵੇ ਤਾਂ ਫਿਰ ਮੁੜ ਕੇ ਪਹਿਲੇ ਵਰਗੇ ਨਹੀਂ ਬਣ ਸਕਦੇ।

ਅਸੀਂ ਅੰਮ੍ਰਿਤ ਵੇਲੇ ਜਾਪ ਸਾਹਿਬ ਦਾ ਪਾਠ ਕਰਦੇ ਹਾਂ ਤੇ ਪੜ੍ਹਦੇ ਹਾਂ 'ਏਕ ਹੈਂ ਅਨੇਕ ਹੈਂ, ਫਿਰ ਏਕ ਹੈਂ।' ਪਰਮਾਤਮਾ ਇੱਕ ਹੁੰਦਾ ਹੋਇਆ ਵੀ ਸਾਰੀ ਸ੍ਰਿਸ਼ਟੀ ਤੇ ਸਾਰੇ ਜੀਵਾਂ ਵਿੱਚ ਅਨੇਕ ਹੋ ਕੇ ਵੱਸਦਾ ਹੈ। ਇਸੇ ਤਰ੍ਹਾਂ ਪਰਮਾਤਮਾ ਦੀ ਅੰਸ਼ ਜੀਵ, ਪੁਰਸ਼ ਜਾਂ ਇਸਤਰੀ ਵੀ ਇੱਕ ਹੁੰਦਾ ਹੋਇਆ, ਕਈ ਰਿਸ਼ਤੇ ਨਿਭਾਉਂਦਾ ਹੈ। ਇਕ ਪੁਰਸ਼, ਕਿਸੇ ਦਾ ਪੁੱਤਰ, ਕਿਸੇ ਦਾ ਭਰਾ ਤੇ ਕਿਸੇ ਦਾ ਪਤੀ ਹੈ। ਇਸੇ ਤਰ੍ਹਾਂ ਇੱਕ ਇਸਤਰੀ ਕਿਸੇ ਦੀ ਮਾਂ, ਕਿਸੇ ਦੀ ਬੇਟੀ ਤੇ ਕਿਸੇ ਦੀ ਪਤਨੀ ਹੈ। ਹੁਣ ਜੇ ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਸਾਰਿਆਂ ਦੁਨਿਆਵੀ ਸੰਬੰਧਾਂ ਨਾਲ ਠੀਕ ਠੀਕ ਇਨਸਾਫ ਕਰ ਸਕੀਏ ਤਾਂ ਜ਼ਰੂਰੀ ਹੈ ਕਿ ਪਹਿਲਾਂ ਆਪ, ਇੱਕ ਚੰਗੇ ਗੁਰਸਿੱਖ ਬਣੀਏ, ਗੁਰੂ ਵਾਲੇ ਬਣੀਏ ਤੇ ਗੁਰੂ ਦੀ ਸਿੱਖਿਆ ਤੇ ਚਲੀਏ। ਜਦ ਤੱਕ ਪਹਿਲਾਂ ਗੁਰੂ ਨਾਲ ਚੰਗੇ ਸੰਬੰਧ ਨਹੀਂ ਬਣਦੇ ਤਾਂ ਫਿਰ ਮੁਸ਼ਕਲ ਹੈ ਕਿ ਇਨ੍ਹਾਂ ਦੁਨਿਆਵੀ ਸੰਬੰਧਾਂ ਨਾਲ ਜੁੜ ਸਕੀਏ।

ਸੁਰਜੀਤ ਤੇ ਬਲਜਿੰਦਰ ਧਿਆਨ ਨਾਲ ਸੁਣ ਰਹੇ ਸਨ।

ਗੁਰਮੁਖ-ਅਸੀਂ ਵੇਖਦੇ ਹਾਂ, ਸਾਰੇ ਆਪਣੀ ਪਤਨੀ ਤੇ ਬੱਚਿਆਂ ਨਾਲ ਤਾਂ ਚੰਗੇ ਸੰਬੰਧ ਨਿਭਾ ਲੈਂਦੇ ਹਨ ਤੇ ਨਿਭਾਉਣੇ ਹੀ ਪੈਂਦੇ ਹਨ। ਪਤਨੀ ਹੈ, ਉਸ ਦੀ ਹਰ ਜ਼ਰੂਰਤ ਦਾ ਖਿਆਲ ਰੱਖਦੇ ਹਾਂ। ਇਸੇ ਤਰ੍ਹਾਂ ਬੱਚੇ ਹਨ, ਉਨ੍ਹਾ ਲਈ ਚੰਗਾ ਖਾਣਾ-ਪੀਣਾ ਤੇ ਪੜ੍ਹਾਈ ਦਾ ਪ੍ਰਬੰਧ ਕਰਦੇ ਹਨ। ਦਿਨ ਰਾਤ ਮਿਹਨਤ ਕਰਕੇ ਸਦਾ ਇਹੋ ਯਤਨ ਹੁੰਦੇ ਹੈ ਕਿ ਉਨ੍ਹਾਂ ਨੂੰ ਹਰ ਪ੍ਰਕਾਰ ਦੀਆਂ ਖੁਸ਼ੀਆਂ ਤੇ ਸਹੂਲਤਾਂ ਮਿਲਦੀਆਂ ਰਹਿਣ। ਜਿਵੇਂ ਗੁਰਬਾਣੀ ਹਾਮੀ ਭਰਦੀ ਹੈ:-

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥੧ (ਅੰਗ-੬੫੬)

ਪਰ ਕੋਈ ਵਿਰਲਾ ਹੀ ਸਰਵਣ ਪੁੱਤਰ ਹੁੰਦਾ ਹੈ, ਜਿਹੜਾ ਇਨ੍ਹਾਂ ਸਾਰੇ ਸੰਬੰਧਾਂ ਦੇ ਨਾਲ-ਨਾਲ ਇਨ੍ਹਾਂ ਤੋਂ ਵੱਡੇ ਮਹਾਨ ਮਾਂ ਬਾਪ ਦੇ ਰਿਸ਼ਤੇ ਦਾ ਵੀ ਖਿਆਲ ਕਰੇ। ਹੁਣ ਜੇ ਕੋਈ ਇਨ੍ਹਾਂ ਮੁੱਢਲੇ ਪਰਿਵਾਰਕ ਸੰਬੰਧਾਂ ਨਾਲ ਹੀ ਇਨਸਾਫ ਨਾ ਕਰ ਸਕੇ ਤਾਂ ਮੁਸ਼ਕਲ ਹੈ ਕਿ ਉਹ ਦੁਨੀਆਂ ਵਿੱਚ ਕਿਸੇ ਹੋਰ ਪਰਾਏ ਦਾ ਦਰਦ ਵੰਡਾ ਸਕੇ। ਕਿਸੇ ਦੂਸਰੇ ਨੂੰ ਸੁੱਖ ਦੇ ਸਕੇ।

ਸੱਚ ਜਾਨਣਾ ਕਿ ਦੁਨੀਆਂ ਵਿੱਚ ਮਾਂ ਦੀ ਮਮਤਾ ਤੋਂ ਵੱਡਾ ਕੋਈ ਹੋਰ ਸੰਬੰਧ ਨਹੀਂ ਹੋ ਸਕਦਾ। ਮਾਂ ਦੀ ਮਮਤਾ ਦਾ ਸਾਡੇ ਉੱਪਰ, ਇਕ ਐਸਾ ਅਹਿਸਾਨ ਹੈ ਕਿ ਜਿਸ ਦਾ ਬਦਲਾ ਅਸੀਂ ਸਾਰੀ ਉਮਰ ਵੀ ਸੇਵਾ ਕਰਕੇ ਨਹੀਂ ਚੁੱਕਾ ਸਕਦੇ। ਜੇ ਕੋਈ ਮਾਂ ਦਾ ਦਿਲ ਤੋੜ ਕੇ ਤੇ ਉਸ ਦੀ ਹਰ ਜਾਇਜ ਲੋੜ ਨੂੰ ਠੁਕਰਾ ਕੇ ਅਤੇ ਬਾਪ ਦੀ ਬੇਇਜ਼ਤੀ ਤੇ ਉਸ ਨੂੰ ਨਜ਼ਰ ਅੰਦਾਜ਼ ਕਰਕੇ ਆਪਣੇ ਆਪ ਨੂੰ ਦਾਨੀ, ਧਾਰਮਿਕ ਜਾਂ ਭਗਤ ਸਮਝਦਾ ਹੈ ਤਾਂ ਸਭ ਪਖੰਡ ਹੋਵੇਗਾ। ਉਸ ਨੂੰ ਕਦੇ ਵੀ ਪਰਮਾਤਮਾ ਦਾ ਮਿਲਾਪ ਨਸੀਬ ਨਹੀਂ ਹੋ ਸਕਦਾ। ਬੱਚੇ ਸੰਸਾਰਿਕ ਉਨਤੀਆਂ ਪ੍ਰਾਪਤ ਕਰਕੇ ਤੇ ਪ੍ਰਸਿੱਧ ਹੋ ਕੇ ਜਾਂ ਆਤਮਿਕ ਸ਼ਕਤੀਆਂ ਦੇ ਮਾਲਕ ਬਣ ਕੇ ਵੀ, ਮਾਂ ਬਾਪ ਸਦਾ ਵੱਡੇ ਤੇ ਸਤਿਕਾਰਯੋਗ ਰਹਿਣੇ ਚਾਹੀਦੇ ਹਨ ਤੇ ਕਦੇ ਵੀ ਕੋਈ ਐਸੇ ਹਾਲਾਤ ਨਹੀਂ ਮੰਨੇ ਜਾ ਸਕਦੇ, ਜਿਥੇ ਮਾਪਿਆਂ ਨੂੰ ਬੱਚਿਆਂ ਅੱਗੇ ਨਿਵਣਾ ਪਵੇ। ਬੱਚਿਆਂ ਨੂੰ ਮਾਂ-ਬਾਪ ਦਾ ਅਹਿਸਾਨ ਭੁਲਣਾ ਨਹੀਂ ਚਾਹੀਦਾ ਤੇ ਇਹ ਵੀ ਸੱਚ ਹੈ ਕਿ ਮਾਪਿਆਂ ਨੂੰ ਯਾਦ ਰਹੇ ਕਿ ਬੱਚਿਆਂ ਤੇ ਅਹਿਸਾਨ ਜਤਾਉਂਣਾ ਨਹੀਂ ਚਾਹੀਦਾ ਹੈ। ਜੋ ਬੱਚਾ ਮਾਂ ਬਾਪ ਦਾ ਧੰਨਵਾਦ ਨਹੀਂ ਕਰ ਸਕਦਾ, ਉਹ ਪ੍ਰਮਾਤਮਾ ਨਾਲ ਵੀ ਨਹੀਂ ਜੁੜ ਸਕਦਾ। ਸਾਰੇ ਬੜੇ ਧਿਆਨ ਨਾਲ ਸੁਣ ਰਹੇ ਸਨ।

ਮਿੱਤਰ-ਤੁਹਾਡੇ (ਗੁਰਮੁਖ ਪਿਆਰੇ ਵੱਲ ਵੇਖਦੇ ਹੋਏ) ਪਾਸੋਂ ਹੀ ਸੁਣਿਆ ਹੈ ਕਿ ਪੁਰਾਣੇ ਸਮਿਆਂ ਵਿੱਚ ਇਸਤਰੀ ਨੂੰ ਬਹੁਤ ਨੀਵੀਂ ਅਤੇ ਪੈਰ ਦੀ ਜੁੱਤੀ ਕਰਕੇ ਸਮਝਿਆ ਜਾਂਦਾ ਸੀ। ਸਦਾ ਘਰ ਦੀ ਚਾਰ ਦੀਵਾਰੀ ਵਿੱਚ ਹੀ ਰਹਿਣਾ ਪੈਂਦਾ ਸੀ, ਤੇ ਸਮਾਜ ਵਿੱਚ ਪੁਰਸ਼ ਦੇ ਬਰਾਬਰ ਦੇ ਅਧਿਕਾਰ ਪ੍ਰਾਪਤ ਨਹੀਂ ਸਨ। ਲੜਕੇ ਦੇ ਜਨਮ ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਸਨ, ਵਧਾਈਆਂ ਮਿਲਦੀਆਂ ਸਨ ਤੇ ਲੱਡੂ ਆਦਿ ਵੰਡੇ ਜਾਂਦੇ ਹਨ ਪਰ ਜੇ ਲੜਕੀ ਪੈਦਾ ਹੋ ਜਾਵੇ, ਭਾਵੇ ਪਹਿਲੀ ਹੀ ਹੋਵੇ ਤਾਂ ਸੋਚਦੇ ਸਨ ਕਿ ਕੁਰਕੀ ਆ ਗਈ। ਲੜਕੇ ਦੇ ਵਿਆਹ ਸਮੇਂ ਸਿਹਰੇ ਬੰਨ ਕੇ, ਬੈਂਡ ਵਾਜੇ ਬਜਾ ਕੇ, ਆਪਣੀ ਮਨਮਰਜ਼ੀ ਦੀਆਂ ਮੰਗਾਂ ਪੂਰੀਆਂ ਕਰਵਾਈਆਂ ਜਾਂਦੀਆਂ ਹਨ ਜਦੋਂ ਕਿ ਕੁੜੀ ਵਾਲਿਆਂ ਦਾ ਸਿਰ ਨੀਵਾਂ ਹੀ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਸਤਿਕਾਰ ਦਿਵਾਉਂਣ ਲਈ ਬਹੁਤ ਯਤਨ ਕੀਤੇ ਜਿਵੇਂ ਉਨ੍ਹਾਂ ਦਾ ਫੁਰਮਾਨ ਹੈ:-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
(ਅੰਗ-੪੭੩)

ਜੋ ਜਨਨੀ ਵੱਡੇ ਵੱਡੇ ਸੂਰਬੀਰਾਂ, ਰਹਿਬਰਾਂ, ਭਗਤਾਂ, ਗੁਰੂਆਂ ਤੇ ਰਾਜੇ ਮਹਾਰਾਜਿਆਂ ਨੂੰ ਜਨਮ ਦੇ ਕੇ ਵੱਡੇ ਕਰਦੀ ਹੈ, ਉਸ ਦਾ ਤਾਂ ਭੁੱਲ ਕੇ ਵੀ ਬੁਰਾ ਨਹੀਂ ਸੋਚਣਾ ਚਾਹੀਦਾ ਤੇ ਨਾ ਹੀ ਕਿਸੇ ਗਲੋਂ ਘਟੀਆ ਸਮਝਣਾ ਚਾਹੀਦਾ ਹੈ। ਉਹ ਤਾਂ ਸਗੋਂ ਸਦਾ ਆਦਰ ਤੇ ਪੂਜਣ ਯੋਗ ਹੋਣੀ ਚਾਹੀਦੀ ਹੈ।

ਇਸਤਰੀ ਦੀ ਏਨੀ ਵਡਿਆਈ ਸੁਣ ਕੇ ਮਾਂ ਨੂੰ ਥੋੜਾ ਧਰਵਾਸ ਮਿਲਿਆ।

ਗੁਰਮੁਖ-ਮਾਤਾ ਜੀ ਗੁਰਬਾਣੀ ਵਿੱਚ ਜਿੱਥੇ ਮਾਂ ਦੀ

ਇੱਜ਼ਤ ਤੇ ਸਤਿਕਾਰ ਬਾਰੇ ਬਹੁਤ ਜੋਰ ਦਿੱਤਾ ਹੈ, ਉੱਥੇ ਗੁਰੂ ਰਾਮਦਾਸ ਜੀ ਮਾਂ ਨੂੰ ਤਾੜਨਾ ਵੀ ਬਹੁਤ ਸਖਤ ਕਰਦੇ ਹਨ:-

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥ (ਅੰਗ-੬੯੭)

ਜੇ ਕੋਈ ਮਾਂ ਆਪਣੇ ਬੱਚੇ ਨੂੰ ਆਧਿਆਤਮਿਕ ਪਾਸੇ ਵੱਲ ਨਹੀਂ ਲੱਗਾ ਸਕੀ ਤਾਂ ਚੰਗਾ ਹੁੰਦਾ ਕਿ ਉਹ ਬਾਂਝ ਹੀ ਰਹਿੰਦੀ। ਵੇਖੀਏ ਤਾਂ ਇਕ ਮਾਂ ਲਈ ਇਹ ਬਹੁਤ ਵੱਡੀ ਗਾਲ ਹੀ ਕਹੀ ਜਾ ਸਕਦੀ ਹੈ। ਹੁਣ ਇਹ ਸੋਚਣ ਵਾਲੀ ਗੱਲ ਹੈ ਕਿ ਇਹ ਸਾਰੀ ਤਾੜਨਾ ਕੇਵਲ ਮਾਂ ਵਾਸਤੇ ਹੀ ਕਿਉਂ ਹੈ? ਇਸ ਨਾਲ ਬਾਪ ਵੀ ਬਰਾਬਰ ਦਾ ਜ਼ਿੰਮੇਵਾਰ ਹੋਣ ਚਾਹੀਦਾ ਹੈ ਤੇ ਉਸ ਨੂੰ ਨਿਪੁੰਸਕ ਹੋ ਜਾਣ ਲਈ ਕਿਉਂ ਨਹੀਂ ਕਿਹਾ? ਜੇਕਰ ਇਸ ਬਾਰੇ ਸਹਿਜ ਨਾਲ ਵਿਚਾਰ ਕਰੀਏ ਤਾਂ ਅਸੀਂ ਇਸ ਨਤੀਜੇ ਤੇ ਪੁਜਾਂਗੇ ਕਿ ਸੰਸਾਰ ਵਿੱਚ ਕੇਵਲ ਮਾਂ ਦਾ ਹੀ ਇਕੋ ਇੱਕ ਪੱਕਾ ਤੇ ਅਟੁਟ ਰਿਸ਼ਤਾ ਹੈ। ਬੱਚੇ ਦੇ ਬਾਪ ਬਾਰੇ ਤਾਂ ਠੀਕ ਠੀਕ ਕਹਿਣਾ ਮੁਸ਼ਕਲ ਹੈ। ਇਹ ਤਾਂ ਮਾਂ ਦੀ ਈਮਾਨਦਾਰੀ ਉਪਰ ਨਿਰਭਰ ਹੈ। ਅਸੀਂ ਵੇਖਦੇ ਹਾਂ ਕਿ ਜਾਨਵਰਾਂ ਤੇ ਪੰਛੀਆਂ ਦੀ ਦੁਨੀਆਂ ਵਿੱਚ ਬਾਪ ਦਾ ਕੋਈ ਪਤਾ ਨਹੀਂ ਹੁੰਦਾ। ਬੱਸ, ਥੋੜ੍ਹੇ ਸਮੇਂ ਤੱਕ ਕੇਵਲ ਮਾਂ ਤੱਕ ਜਾਣਕਾਰੀ ਰਹਿੰਦੀ ਹੈ। ਬੱਚੇ ਉੱਪਰ 90 ਪ੍ਰਤੀਸ਼ਤ ਛਾਪ ਮਾਂ ਦੀ ਹੁੰਦੀ ਹੈ। ਜੇ ਇੱਕ ਬੱਚਾ ਕੋਈ ਗਲਤ ਕੰਮ ਕਰੇ ਤਾਂ ਮਾਂ ਨੂੰ ਹੀ ਉਲਾਮਾ ਮਿਲਦਾ ਹੈ। ਜੋ ਕੁਝ ਵੀ ਬੱਚੇ ਦੇ ਸੰਸਕਾਰਾਂ ਵਿੱਚ ਪ੍ਰਗਟ ਹੋ ਰਿਹਾ ਹੈ, ਉਹ ਸਭ ਮਾਂ ਦੀ ਹੀ ਦੇਣ ਹੁੰਦੀ ਹੈ।

ਹੋਰ, ਆਮ ਕਰਕੇ ਕੇਵਲ ਮਾਂ ਪਾਸ ਹੀ, ਬੱਚੇ ਦੀ ਪਾਲਣ ਪੋਸ਼ਣ ਤੇ ਹਰ ਪ੍ਰਕਾਰ ਦੀ ਸਿੱਖਿਆ ਲਈ, ਜ਼ਿਆਦਾ ਸਮਾਂ ਗੁਜ਼ਰਦਾ ਹੈ। ਬਾਪ ਨੂੰ ਬਹੁਤਾ ਸਮਾਂ ਉਪਜੀਵਕਾ ਲਈ, ਘਰੋਂ ਬਾਹਰ ਧਨ ਕਮਾਉਣ ਵਿੱਚ ਹੀ ਲੱਗ ਜਾਂਦਾ ਹੈ ਤੇ ਬੱਚੇ ਵੱਲ ਬਹੁਤਾ ਧਿਆਨ ਨਹੀਂ ਦੇ ਸਕਦਾ। ਇਸ ਲਈ ਜੇ ਕੋਈ ਬੱਚਾ ਭੈੜੇ ਜਾਂ ਚੰਗੇ ਪਾਸੇ ਲੱਗਦਾ ਹੈ ਤਾਂ ਇਸ ਵਿੱਚ ਮਾਂ ਦਾ ਹੀ ਜ਼ਿਆਦਾ ਹੱਥ ਹੁੰਦਾ ਹੈ। ਜਾਪਦਾ ਹੈ ਕਿ ਇਸੇ ਕਰਕੇ ਗੁਰੂ ਸਾਹਿਬ ਨੇ ਸਾਰੀ ਜ਼ਿੰਮੇਵਾਰੀ ਕੇਵਲ ਮਾਂ ਉਪਰ ਹੀ ਸੁਟੀ ਹੈ ਤੇ ਸਾਰੀ ਤਾੜਨਾ ਵੀ ਉਸੇ ਨੂੰ ਹੈ। ਇਨੇ ਨੂੰ ਮਿੱਤਰ ਜੀ ਬੋਲ ਪਏ।

ਮਿੱਤਰ-ਮਾਫ ਕਰਨਾ, ਮੈਨੂੰ ਇੱਕ ਬੱਚੇ ਦੀ ਗੱਲ ਯਾਦ ਆ ਗਈ। ਕਹਿੰਦੇ ਹਨ ਕਿ ਇੱਕ ਬੱਚਾ ਸਕੂਲ ਵਿੱਚ ਪੜ੍ਹਦਾ ਸੀ। ਇੱਕ ਦਿਨ ਸਕੂਲੋਂ ਕਿਸੇ ਬੱਚੇ ਦੀ ਕਿਤਾਬ ਚੁੱਕ ਕੇ ਘਰ ਲੈ ਆਇਆ। ਮਾਂ ਉਸ ਨੂੰ ਰੋਕਣ ਦੀ ਬਜਾਏ ਸਗੋਂ ਚੁੱਪ ਰਹੀ। ਇਸ ਤਰ੍ਹਾਂ ਬੱਚਾ ਹਰ ਰੋਜ਼ ਕੋਈ ਨਾ ਕੋਈ ਚੀਜ਼ ਸਕੂਲੋਂ ਚੋਰੀ ਕਰਕੇ ਲੈ ਆਉਂਦਾ ਪਰ ਮਾਂ ਕਦੀ ਉਸ ਨੂੰ ਕੋਈ ਤਾੜਨਾ ਨਾ ਕਰਦੀ। ਹੌਲੀ-ਹੌਲੀ ਬੱਚੇ ਦਾ ਹੌਸਲਾ ਵੱਧਦਾ ਗਿਆ ਤੇ ਉਹ ਵੱਡਾ ਹੋ ਕੇ ਇੱਕ ਪੱਕਾ ਚੋਰ ਬਣ ਗਿਆ। ਇੱਕ ਦਿਨ ਚੋਰੀ ਕਰਦੇ ਸਮੇਂ, ਕਿਸੇ ਆਦਮੀ ਦਾ ਕਤਲ ਹੋ ਗਿਆ ਤੇ ਉਹ ਪਕੜਿਆ ਗਿਆ। ਅਦਾਲਤ ਵਲੋਂ ਮੌਤ ਦੀ ਸਜ਼ਾ ਹੋ ਗਈ। ਫਾਂਸੀ ਦੇਣ ਤੋਂ ਪਹਿਲਾਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਸ ਨੇ ਆਪਣੀ ਮਾਂ ਨੂੰ ਮਿਲਣ ਲਈ ਬੇਨਤੀ ਕੀਤੀ। ਜਦੋਂ ਮਾਂ ਨਾਲ ਮੁਲਾਕਾਤ ਹੋਈ ਤਾਂ ਉਸ ਦਾ ਗੱਲਾ ਘੁੱਟ ਕੇ ਮਾਰਨ ਦਾ ਯਤਨ ਕਰਨ ਲੱਗਾ। ਪਹਿਰੇਦਾਰਾਂ ਨੇ ਬੜੀ ਮੁਸ਼ਕਲ ਨਾਲ ਬਚਾਇਆ ਤੇ ਐਸੀ ਭੈੜੀ ਹਰਕਤ ਬਾਰੇ ਪੁਛਿਆ। ਉਹ ਰੋ ਰੋ ਕੇ ਕਹਿਣ ਲੱਗਾ ਕਿ ਜੇ ਮੈਂ ਅੱਜ ਏਡਾ ਵੱਡਾ ਕਸੂਰਵਾਰ ਬਣਿਆਂ ਹਾਂ ਤਾਂ ਇਸ ਦੀ ਸਾਰੀ ਜ਼ਿੰਮੇਵਾਰ ਕੇਵਲ ਮੇਰੀ ਇਹ ਮਾਂ ਹੀ ਹੈ। ਜੇਕਰ ਪਹਿਲੇ ਦਿਨ ਜਦੋਂ ਮੈਂ ਕਿਤਾਬ ਚੋਰੀ ਕਰਕੇ ਲਿਆਇਆ ਸੀ ਤਾਂ ਇਹ ਮੈਨੂੰ ਗੁੱਸੇ ਹੁੰਦੀ ਤਾਂ ਅੱਜ ਇਹ ਨੌਬਤ ਨਾ ਆਉਂਦੀ।

ਜੇ ਹੁਣ ਇਕ ਮਾਂ ਆਪਣੀ ਨਾਸਮਝੀ ਕਾਰਨ, ਆਪਣੇ ਬੱਚੇ ਦੀ ਜ਼ਿੰਦਗੀ ਬਰਬਾਦ ਕਰ ਸਕਦੀ ਹੈ ਤਾਂ ਦੂਸਰੀ ਆਪਣੀ ਸਿਆਣਪ ਨਾਲ, ਆਪਣੇ ਬੱਚੇ ਨੂੰ ਚੰਗੇ ਪਾਸੇ ਵੀ ਲਾ ਸਕਦੀ ਹੈ, ਭਗਤ ਬਣਾ ਸਕਦੀ ਹੈ। ਬਾਬਾ ਫਰੀਦ ਜੀ ਜਦ ਬੱਚੇ ਸਨ ਤਾਂ ਉਨ੍ਹਾਂ ਦੀ ਮਾਂ ਨੇ ਕਿਹਾ ਸੀ ਕਿ ਬੇਟਾ ਹਰ ਰੋਜ਼ ਨਮਾਜ਼ ਪੜ੍ਹਿਆ ਕਰ। ਫਰੀਦ ਨੇ ਸੁਭਾਵਿਕ ਹੀ ਪੁਛਿਆ ਕਿ ਜੇ ਮੈਂ ਨਮਾਜ਼ ਪੜਾਂਗਾ ਤਾਂ ਕੀ ਅਲਾਹ ਮੈਨੂੰ ਖਾਣ ਲਈ ਸ਼ੱਕਰ ਦੇਵੇਗਾ? ਮਾਂ ਨੇ ਕਿਹਾ "ਹਾਂ ਜ਼ਰੂਰ, ਸ਼ੱਕਰ ਤਾਂ ਕੀ ਜੋ ਮੰਗੇਗਾ ਮਿਲੇਗਾ। ਇਸ ਲਾਲਚ ਵਿੱਚ ਫਰੀਦ ਨਮਾਜ ਪੜ੍ਹਨ ਲੱਗ ਗਿਆ। ਨਮਾਜ਼ ਆਰੰਭ ਹੋਣ ਤੋਂ ਪਹਿਲਾਂ ਮਾਂ ਨੇ ਉਸ ਦੇ ਮੁਸੱਲੇ ਹੇਠ ਸ਼ੱਕਰ ਦੀ ਪੁੜੀ ਬਣਾ ਕੇ ਰੱਖ ਦੇਣੀ ਤਾਂ ਫਰੀਦ ਨੇ ਨਮਾਜ਼ ਪੂਰੀ ਕਰਕੇ ਚੁੱਕ ਕੇ ਖਾ ਲੈਣੀ। ਫਰੀਦ ਸੋਚਣ ਲੱਗਾ ਕਿ

ਅਲਾਹ ਬੜਾ ਕ੍ਰਿਪਾਲੂ ਹੈ ਤੇ ਹੌਲੀ-ਹੌਲੀ ਭਰੋਸਾ ਵਧਦਾ ਗਿਆ। ਦਿਨ ਪ੍ਰਤੀ ਦਿਨ ਨਮਾਜ਼ ਪੜ੍ਹਦੇ ਸਮੇਂ ਅਨੰਦ ਆਉਂਣ ਲੱਗ ਪਿਆ ਤੇ ਸ਼ੱਕਰ ਬਾਰੇ ਭੁੱਲ ਗਿਆ। ਉਹ ਪੁਕਾਰ ਉਠਿਆ:

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥੨੭॥

(ਅੰਗ-੧੩੭੯)

ਵੇਖੋ! ਮਾਂ ਦੀ ਸਿਆਣਪ ਕਾਰਨ, ਫਰੀਦ ਇੱਕ ਬਹੁਤ ਵੱਡਾ ਭਗਤ ਬਣ ਗਿਆ। ਮਾਂ ਬੱਚੇ ਨੂੰ ਕਿਸੇ ਮੁਕਾਮ ਤੇ ਪਹੁੰਚਾਉਣ ਲਈ ਕਿੰਨੀ ਮਿਹਨਤ ਤੇ ਕੁਰਬਾਨੀ ਕਰਦੀ ਹੈ ਉਹ ਬਿਆਨ ਨਹੀਂ ਕੀਤੀ ਜਾ ਸਕਦੀ। ਪਹਿਲਾਂ ਬੱਚੇ ਨੂੰ ਨੌਂ ਮਹੀਨੇ ਆਪਣੀ ਕੁੱਖ ਵਿੱਚ ਪਾਲਦੀ ਹੈ। ਜਨਮ ਸਮੇਂ ਪ੍ਰਸੂਤ ਦੀਆਂ ਅਸਹਿ ਪੀੜਾਂ ਸਹਿੰਦੀ ਹੈ ਤੇ ਮੌਤ ਨਾਲ ਘੋਲ ਕਰਕੇ ਮਸਾਂ ਮਸਾਂ ਬਚਦੀ ਹੈ। ਫਿਰ ਆਪਣਾ ਦੁੱਧ ਪਿਲਾ ਕੇ ਪਰਵਰਿਸ਼ ਕਰਦੀ ਹੈ। ਆਪ ਸਾਰੇ ਦੁੱਖ ਤੇ ਮੁਸੀਬਤਾਂ ਝੱਲ ਕੇ, ਬੱਚੇ ਨੂੰ ਤੱਤੀ ਹਵਾ ਨਹੀਂ ਲੱਗਣ ਦਿੰਦੀ ਅਤੇ ਹਰ ਪ੍ਰਕਾਰ ਦਾ ਸੁੱਖ ਦੇਣ ਦਾ ਯਤਨ ਕਰਦੀ ਹੈ। ਇਸ ਨੂੰ ਹੀ ਮਾਂ ਦੀ ਮਮਤਾ ਕਹਿੰਦੇ ਹਨ। ਮਾਂ ਦੀ ਇਹ ਨਿਸ਼ਕਾਮ ਸੇਵਾ ਹੈ। ਕਈ ਤਰਕ ਕਰਦੇ ਹਨ ਕਿ ਬੱਚੇ ਨੂੰ ਪਾਲ ਪੋਸ ਕੇ ਵੱਡਾ ਕਰਨ ਪਿਛੇ ਮਾਂ ਦਾ ਆਪਣਾ ਕੋਈ ਸੁਆਰਥ ਲੁਕਿਆ ਹੁੰਦਾ ਹੈ ਕਿ ਪੁੱਤਰ ਵੱਡਾ ਹੋ ਕੇ, ਉਸ ਦੇ ਬੁੱਢਾਪੇ ਦਾ ਸਹਾਰਾ ਬਣੇਗਾ। ਪਰ ਵੇਖਦੇ ਹਾਂ ਕਿ ਮਾਂਵਾਂ ਨੇ ਆਪਣੇ ਅਪਾਹਿਜ ਤੇ ਸ਼ੁਦਾਈ ਬੱਚਿਆਂ ਨੂੰ ਵੀ, ਜਿਨ੍ਹਾਂ ਪਾਸੋਂ ਕੋਈ ਐਸੀਆਂ ਆਸਾਂ ਪੂਰਨ ਹੋਣ ਦੀਆਂ, ਕੋਈ ਸੰਭਾਵਨਾਵਾਂ ਨ ਹੋਣ, ਉਸੇ ਲਗਨ ਤੇ ਪਿਆਰ ਨਾਲ ਪਾਲਿਆ ਜਿਵੇਂ ਆਮ ਬੱਚੇ ਹੁੰਦੇ ਹਨ।

ਡਾਕਟਰ ਸਾਹਿਬ ਇਨੀ ਗੱਲ ਕਰਕੇ ਗੁਰਮੁਖ ਪਿਆਰੇ ਵੱਲ ਵੇਖਣ ਲੱਗੇ ਕਿ ਅੱਗੇ ਉਹ ਬੋਲਣ, ਪਰ ਇਸ ਤੋਂ ਪਹਿਲਾਂ ਕਿ ਉਹ ਬੋਲਣਾ ਅਰੰਭ ਕਰਦੇ ਬਲਜਿੰਦਰ ਉੱਠ ਕੇ ਰਸੋਈ ਵੱਲ ਜਾਂਦੀ ਕਹਿ ਗਈ ਕਿ ਜ਼ਰਾ ਠਹਿਰੋ ਉਹ ਫਟਾ ਫਟ ਚਾਹ ਬਣਾ ਕੇ ਲੈ ਆਵੇ। ਸਾਰਿਆਂ ਨੇ ਚਾਹ ਪੀਤੀ ਤੇ ਵਾਰਤਾਲਾਪ ਅੱਗੇ ਚੱਲ ਪਈ।

ਗੁਰਮੁਖ-ਸਾਡੀ ਬਦਕਿਸਮਤੀ ਕਿ ਅੱਜਕਲ੍ਹ ਸਾਡੀਆਂ ਮਾਤਾਵਾਂ, ਸਫਲ ਮਾਤਾਵਾਂ ਬਣਨ ਵਿੱਚ ਬਹੁਤ ਪਿਛੇ ਰਹਿ ਰਹੀਆਂ ਹਨ। ਜਰਾ ਸੋਚੀਏ ਕਿ ਕੀ ਕਾਰਨ ਹਨ ਕਿ ਜਿਥੇ ਉਨ੍ਹਾਂ ਸਮਿਆਂ ਦੇ ਗੁਰਸਿੱਖ, ਨਵਾਬੀਆਂ ਨੂੰ ਠੁਕਰਾਂ ਮਾਰਨ ਵਾਲੇ ਅਤੇ ਖਾਲਸੇ ਦੇ ਘੋੜਿਆਂ ਦੀ ਲਿੱਦ ਚੁਕਣ ਦੀ ਸੇਵਾ ਨੂੰ ਮਹਾਨ ਸਮਝਣ ਵਾਲੇ, ਅੱਜ ਕੁਰਸੀ ਦੇ ਚੱਕਰ ਵਿੱਚ ਸਾਰੇ ਰਿਕਾਰਡ ਮਾਤ ਕਰਦੇ ਨਜ਼ਰ ਆ ਰਹੇ ਹਨ। ਇਨ੍ਹਾਂ ਢਹਿੰਦੀਆਂ ਕਲਾਂ ਦਾ ਕਾਰਨ ਕੇਵਲ ਇਕੋ ਹੀ ਹੋ ਸਕਦਾ ਹੈ ਕਿ ਜੋ ਮਾਤਾਵਾਂ ਆਪ ਹੀ "ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ" ਬਣ ਜਾਂਣ ਅਤੇ ਸਹਿਜ ਸੰਤੋਖ ਨਾਲ ਸਿੰਗਾਰੀਆਂ ਨਾ ਹੋਣ ਤਾਂ ਉਨ੍ਹਾਂ ਪਾਸੋਂ ਕਿਵੇਂ ਕੋਈ ਆਸ ਰੱਖੀ ਜਾ ਸਕਦੀ ਹੈ ਕਿ ਚੰਗੇ ਗੁਣਾਂ ਦੇ ਧਾਰਨ ਵਾਲੀ ਔਲਾਦ ਨੂੰ ਜਨਮ ਦੇ ਸਕਣ? ਅੱਜ ਕਿੰਨੀਆਂ ਕੁ ਮਾਤਾਵਾਂ ਆਪਣੇ ਬੱਚਿਆਂ ਨੂੰ "ਹਰਿ ਸਿਮਰਤ ਅਨਦ ਅਨੰਤਾ" ਦੀ ਅਸੀਸ ਦਿੰਦੀਆਂ ਹਨ ਅਤੇ ਉਨ੍ਹਾਂ ਨੂੰ ਸੱਚ ਦੇ ਧਾਰਨੀ ਬਣਾਉਂਣ ਲਈ "ਘਾਲਿ ਖਾਇ ਕਿਛੁ ਹਥਹੁ ਦੇਇ" ਦਾ ਸਬਕ ਪੜ੍ਹਾਉਂਦੀਆਂ ਹਨ।

ਬਜ਼ੁਰਗ ਮਾਂ ਨੂੰ ਪਿਆਰ ਨਾਲ ਸੰਬੋਧਨ ਕਰਦੇ ਹੋਏ-ਵੇਖੋ, ਤੁਸੀਂ ਆਪਣਾ ਜੀਵਨ ਬਤੀਤ ਕਰ ਚੁੱਕੇ ਹੋ। ਜੀਵਨ ਦੇ ਸਾਰੇ ਉਤਾਰ-ਝੜਾਓ ਵੇਖ ਚੁੱਕੇ ਹੋ। ਹੁਣ ਬੱਚਿਆਂ ਦੀ ਵਾਰੀ ਹੈ ਤੇ ਨਾਲੇ ਜ਼ਮਾਨਾ ਵੀ ਬਦਲ ਚੁੱਕਾ ਹੈ। ਇਸ ਲਈ ਤੁਸੀਂ ਇਨ੍ਹਾਂ ਦੇ ਮਾਮਲੇ ਵਿੱਚ ਬਹੁਤੀ ਦਖਲ ਅੰਦਾਜ਼ੀ ਨਾ ਕਰਿਆ ਕਰੋ।

ਬ੍ਰਿਧ ਮਾਤਾ-ਆਪ ਦਾ ਬਹੁਤ ਧੰਨਵਾਦ ਆਪ ਦੀ ਗੱਲ ਮੇਰੀ ਸਮਝ ਵਿੱਚ ਆ ਗਈ ਹੈ ਤੇ ਮੈਂ ਉਸ ਉੱਪਰ ਚੱਲਣ ਦਾ ਯਤਨ ਕਰਾਂਗੀ।

ਗੁਰਮੁਖ-ਅਸੀਂ ਅਕਸਰ ਕਹਿ ਦਿੰਦੇ ਹਾਂ ਕਿ ਫਲਾਣੇ ਨਾਲ ਸਾਡਾ ਖੂਨ ਦਾ ਰਿਸ਼ਤਾ ਹੈ ਪਰ ਇਸ ਰਿਸ਼ਤੇ ਤੇ ਜਿੰਨਾ ਚਿਰ ਪਿਆਰ ਦੀ ਮੋਹਰ ਨਹੀਂ ਲਗਦੀ ਸੰਬੰਧਾਂ ਵਿੱਚ ਗਹਿਰਾਈ ਨਹੀਂ ਆ ਸਕਦੀ। ਗੁਰਬਾਣੀ ਨੇ ਵੀ ਖੂਨ ਦੇ ਰਿਸ਼ਤੇ ਨੂੰ ਕੋਈ ਖਾਸ ਮਹਾਨਤਾ ਨਹੀਂ ਦਿੱਤੀ। ਅਸੀਂ ਵੇਖਦੇ ਹਾਂ ਕਿ ਪਿਤਾ ਪੁੱਤਰ ਜਾਂ ਪੁੱਤਰ ਪਿਤਾ

ਇੱਕ ਦੂਸਰੇ ਦੇ ਵੈਰੀ ਬਣ ਜਾਂਦੇ ਹਨ। ਦੋਹਾਂ ਦਾ ਖ਼ੂਨ ਤੇ ਭਾਵੇਂ ਇੱਕ ਹੈ ਪਰ ਇੱਕ ਦੂਸਰੇ ਦੇ ਖ਼ੂਨ ਦੇ ਪਿਆਸੇ ਹਨ। ਹਰਨਾਖਸ਼ ਹੈ, ਆਪਣੇ ਹੰਕਾਰ ਕਾਰਨ, ਆਪਣੇ ਪੁੱਤਰ ਪ੍ਰਹਿਲਾਦ ਦਾ ਜਾਨੀ ਦੁਸ਼ਮਣ ਬਣ ਜਾਂਦਾ ਹੈ। ਇਸੇ ਤਰ੍ਹਾਂ ਔਰੰਗਜੇਬ ਆਪਣੇ ਪਿਤਾ ਨੂੰ ਕੈਦ ਕਰਕੇ ਤੇ ਆਪਣੇ ਭਰਾਵਾਂ ਦਾ ਕਤਲ ਕਰਕੇ ਰਾਜ ਸਿੰਘਾਸਣ ਤੇ ਬੈਠਦਾ ਹੈ। ਹੋਰ ਤਾਂ ਹੋਰ ਕਿ ਇਥੋਂ ਤੱਕ ਗੁਰੂ ਘਰ ਵਿੱਚ ਵੀ ਗੁਰੂ ਰਾਮਦਾਸ ਜੀ ਨੂੰ ਆਪਣੇ ਪੁੱਤਰ ਪ੍ਰਿਥੀ ਚੰਦ ਦਾ ਸਲੂਕ ਵੇਖਕੇ ਕਹਿਣਾ ਪਿਆ:

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ (ਅੰਗ-੧੨੦੦)

ਅਸਲੀ ਤੇ ਪੱਕਾ ਰਿਸ਼ਤਾ ਵਿਚਾਰਾਂ ਦੀ ਸੋਚਣੀ ਤੇ ਸੁਭਾਉ ਦੀ ਸਾਂਝ ਨਾਲ ਬਣਦਾ ਹੈ। ਜਿਥੇ ਵਿਚਾਰ ਇਕ ਹੋਣ, ਉੱਥੇ ਪਿਆਰ ਦਾ ਜਨਮ ਹੁੰਦਾ ਹੈ। ਜਿਥੇ ਪਿਆਰ ਹੋਵੇ ਉੱਥੇ ਆਪਸੀ ਇਤਬਾਰ ਹੁੰਦਾ ਹੈ ਤੇ ਜਿੱਥੇ ਆਪਸੀ ਇਤਬਾਰ ਹੋਵੇ, ਉੱਥੇ ਸਦਾਚਾਰ ਹੁੰਦਾ ਹੈ ਤੇ ਜਿੱਥੇ ਸਦਾਚਾਰ ਹੋਵੇ ਉੱਥੇ ਪ੍ਰਮਾਤਮਾ ਆਪ ਹੁੰਦਾ ਹੈ।

ਸਾਡੇ ਸਾਰੇ ਆਪਸੀ ਸੰਬੰਧ ਕਾਮਨਾਵਾਂ ਉੱਪਰ ਖੜੇ ਹਨ। ਜਦ ਕਿਸੇ ਪਾਸੋਂ ਸਾਡੀ ਕੋਈ ਕਾਮਨਾ ਪੂਰੀ ਨਾ ਹੋਵੇ ਤਾਂ ਸੰਬੰਧ ਟੁਟ ਜਾਂਦੇ ਹਨ। ਬੱਸ ਸਭ ਲੈਣ ਦੇਣ ਦੇ ਸੰਬੰਧ ਹਨ:

ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥ (ਅੰਗ ੫੩੬)

ਪੁੱਤਰ ਨਾਲ ਸੰਬੰਧ ਹੈ ਪਿਛੇ ਕਾਮਨਾ ਹੈ ਕਿ ਵੱਡਾ ਹੋ ਕੇ ਬੁੱਢਾਪੇ ਦਾ ਸਹਾਰਾ ਬਣੇਗਾ। ਪਤੀ ਪਤਨੀ ਇੱਕ ਦੂਸਰੇ ਪਾਸੋਂ ਸੁੱਖ ਦੀਆਂ ਆਸਾਂ ਲਈ ਬੈਠੇ ਹਨ ਤੇ ਜਦੋਂ ਆਸਾਂ ਪੂਰੀਆਂ ਨਾ ਹੋਣ ਤਾਂ ਗੱਲ ਤਲਾਕ ਤੱਕ ਪੁੱਜ ਜਾਂਦੀ ਹੈ। ਇਸੇ ਤਰ੍ਹਾਂ ਜੇ ਭਰਾ ਜਾਂ ਭੈਣ ਪਾਸੋਂ ਇੱਕ ਦੂਸਰੇ ਦੀ ਕੋਈ ਕਾਮਨਾ ਪੂਰੀ ਨਾ ਹੋਵੇ ਤਾਂ ਰਿਸ਼ਤਿਆਂ ਵਿੱਚ ਤਰੇੜਾਂ ਪੈ ਜਾਂਦੀਆਂ ਹਨ। ਇੱਥੋਂ ਤੱਕ ਕਿ ਸਾਡਾ ਗੁਰੂ ਨਾਲ ਵੀ ਕਾਮਨਾਵਾਂ ਕਰਕੇ ਹੀ ਸੰਬੰਧ ਹਨ। ਜਦੋਂ ਕਾਮਨਾ ਪੂਰੀ ਹੋ ਗਈ ਤਾਂ ਫਿਰ ਗੁਰੂ ਭੁੱਲ ਜਾਂਦਾ ਹੈ ਪਰ ਜੇ ਪੂਰੀ ਨਾ ਹੋਵੇ ਤਾਂ ਕਿਸੇ ਦੂਸਰੇ ਗੁਰੂ ਦੀ ਭਾਲ ਆਰੰਭ ਹੋ ਜਾਵੇਗੀ। ਅਸਲੀ ਰਿਸ਼ਤਾ ਤਾਂ ਕਾਮਨਾਵਾਂ ਤੋਂ ਉੱਪਰ ਉੱਠ ਕੇ, ਪ੍ਰੇਮ ਦਾ ਸੰਬੰਧ ਜੁੜੇ ਤਾਂ ਹੀ ਸਦਾ ਸੁੱਖ ਤੇ ਖੇੜਾ ਮਿਲ ਸਕਦਾ ਹੈ। ਤਦੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੁਸ਼ਟੀ ਕਰ ਦਿੱਤੀ।

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਸਿਆਣਿਆਂ ਨੇ ਐਸੇ ਨਿਯਮ ਬਣਾਏ ਹਨ ਕਿ ਪਤਨੀ, ਪਤੀ ਨੂੰ ਪ੍ਰਮੇਸ਼ਰ ਸਮਝੇ ਤੇ ਪਤੀ ਪਤਨੀ ਨੂੰ ਦੇਵੀ ਕਹਿ ਕੇ ਬੁਲਾਵੇ। ਹੁਣ ਇਕ ਨੂੰ ਪ੍ਰਮੇਸ਼ਰ ਤੇ ਦੂਸਰੇ ਨੂੰ ਦੇਵੀ ਦਿਖਾਈ ਦੇਵੇ ਤਾਂ ਆਪੇ ਹੀ ਸੰਬੰਧ ਪੱਕੇ ਹੋ ਜਾਣਗੇ। ਉਹ ਘਰ ਹੀ ਗੁਰਦੁਆਰਾ ਬਣ ਗਿਆ, ਪਰ ਅਫਸੋਸ ਅਸੀਂ ਤਾਂ ਗੁਰਦੁਆਰੇ ਨੂੰ ਘਰ ਬਣਾ ਛੱਡਿਆ ਹੈ। ਵੇਖਿਆ ਜਾਵੇ ਤਾਂ ਇਹ ਸਾਰੇ ਦੁਨਿਆਵੀ ਸੰਬੰਧ ਤਾਂ ਝੂਠੇ ਹਨ ਅੰਤ ਸਮੇਂ ਕੋਈ ਵੀ ਸਾਥ ਨਹੀਂ ਦੇ ਸਕਦਾ। ਇਸ ਲਈ ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਸੰਬੰਧਾਂ ਦੇ ਨਾਲ-ਨਾਲ, ਪ੍ਰਮਾਤਮਾ ਨਾਲ ਵੀ ਸੰਬੰਧ ਜੋੜੀਏ ਤਾਂ ਜੋ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਹੋ ਸਕਣ। ਜੇ ਅਸੀਂ ਇਕ ਵਾਰੀ ਪ੍ਰਮਾਤਮਾ ਨਾਲ ਸੰਬੰਧ ਜੋੜ ਲਿਆ ਤਾਂ ਸਾਨੂੰ ਉਸ ਪਾਸੋਂ ਪਿਤਾ ਵਾਲਾ ਪਿਆਰ, ਮਾਤਾ ਵਾਲੀ ਮਮਤਾ, ਸੰਬੰਧੀਆਂ ਵਾਲੀ ਨੇੜਤਾ ਤੇ ਭਰਾਵਾਂ ਵਾਲੀ ਸਹਾਇਤਾ ਮਿਲੇਗੀ:-

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥ (ਅੰਗ ੧੦੩)

ਸੁਰਜੀਤ ਸਿੰਘ ਤੇ ਬਲਜਿੰਦਰ ਕੌਰ ਦੋਵੇਂ ਹੱਥ ਜੋੜ ਕੇ ਖੜੇ ਹੋ ਗਏ।

ਬਲਜਿੰਦਰ-ਮਾਫ਼ ਕਰਨਾ ਸਾਡੇ ਪਾਸੋਂ ਬਹੁਤ ਭੁੱਲਾ ਹੁੰਦੀਆਂ ਰਹੀਆਂ ਹਨ। ਤੁਹਾਡੀ ਸਿਖਿਆ ਦਾ ਬਹੁਤ ਅਸਰ ਹੋਇਆ ਹੈ। ਹੁਣ ਅਸੀਂ ਮਾਂ ਜੀ ਦਾ ਪੂਰਾ ਖਿਆਲ ਰੱਖਾਂਗੇ ਤੇ ਸ਼ਿਕਾਇਤ ਦਾ ਕੋਈ ਅਵਸਰ ਨਹੀਂ ਦੇਵਾਂਗਾ।

ਆਪ ਜੀ ਦੇ ਬਹੁਤ-ਬਹੁਤ ਧੰਨਵਾਦੀ ਹਾਂ।

9814007847

****

ਕਲਗੀਧਰ ਦਸਮੇਸ਼ ਨੀਂ ਰੋਇਆ



ਸਵ: ਕਵੀਸ਼ਰ ਗਿਆਨੀ ਚੇਤ ਸਿੰਘ

ਬਾਦਸ਼ਾਹ ਦਰਵੇਸ਼ ਸਾਹਿਬ-ਏ-ਕਮਾਲ ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੋਲ ਹਨ:

ਮੈਂ ਹੂੰ ਪਰਮ ਪੁਰਖ ਕੋ ਦਾਸਾ॥
ਦੇਖਣ ਆਇਓ ਜਗਤ ਤਮਾਸ਼ਾ॥

ਇਸ ਤਰ੍ਹਾਂ ਲਗਦਾ ਹੈ ਕਿ ਇਸ ਮਹਾਨ ਸਖ਼ਸ਼ੀਅਤ ਨੇ ਜਗਤ ਤਮਾਸ਼ਾ ਤਾਂ ਦੇਖਿਆ ਹੈ ਪਰ ਬਹੁਤ ਥੋੜੀ ਦੇਰ। ਇਨਸਾਨੀ ਜਾਮੇ ਵਿੱਚ ਉਹ ਬਹੁਤ ਘੱਟ ਸਮਾਂ ਰਹੇ। ਉਨ੍ਹਾਂ ਦੀ ਸਾਰੀ ਜ਼ਿੰਦਗੀ ਔਕੜਾਂ ਤੇ ਦੁੱਖਾਂ ਭਰੀ ਹੀ ਰਹੀ। ਇਨਸਾਨ ਉੱਪਰ ਜਦੋਂ ਕੋਈ ਭਾਰੀ ਦੁੱਖ ਡਿੱਗ ਪਵੇ ਤੇ ਉਸਦਾ ਦਿਲ ਉਸ ਦੁੱਖ ਨੂੰ ਨਾ ਸਹਾਰ ਸਕੇ ਤਾਂ ਉਸ ਦੇ ਦੁਖੀ ਦਿਲ ਦੀ ਜ਼ੁਬਾਨ ਉਸ ਦੀਆਂ ਅੱਖਾਂ ਬਣ ਜਾਂਦੀਆਂ ਹਨ। ਅੱਖਾਂ ਵਿੱਚ ਪਾਣੀ ਆ ਜਾਂਦਾ ਹੈ ਤੇ ਉਹ ਰੋਣ ਲੱਗ ਪੈਂਦਾ ਹੈ। ਬੜੇ ਮਹਾਂਪੁਰਖ ਅਤੇ ਬਹਾਦਰ ਲੋਕ ਗਾਹੇ ਬਗਾਹੇ ਇਸ ਸੰਸਾਰ ਵਿੱਚ ਆਏ। ਭਾਰੀ ਦੁੱਖਾਂ ਨੂੰ ਨਾ ਸਹਾਰਦੇ ਹੋਏ ਉਹ ਅਕਸਰ ਰੋਂਦੇ ਦੇਖੇ ਗਏ ਹਨ। ਇਤਿਹਾਸ ਸਾਖੀ ਭਰਦਾ ਹੈ।

ਬਾਦਸ਼ਾਹ ਦਰਵੇਸ਼ ਦੀ ਜ਼ਿੰਦਗੀ ਵਿੱਚ ਦੁੱਖਾਂ ਦੀਆਂ ਬਹੁਤ ਭਾਰੀ ਪੰਡਾਂ ਡਿਗਦੀਆਂ ਰਹੀਆਂ ਹਨ। ਇਕ ਤੋਂ ਬਾਅਦ ਦੂਜੀ। ਦੁੱਖਾਂ ਦਾ ਪਤਾ ਲੱਗਣ ਤੇ ਸ਼ਹਿਨਸ਼ਾਹ ਕਦੀ ਵੀ ਕਿਸੇ ਨੇ ਰੋਂਦਾ ਨਹੀਂ ਦੇਖਿਆ। ਉਨ੍ਹਾਂ ਦੇ ਬੋਲ ਹਨ:

ਹਜ਼ੂਮੇ ਗ਼ਮ ਮੇਰੀ ਫ਼ਿਤਰਤ ਬਦਲ ਨਹੀਂ ਸਕਤੇ॥
ਮੈਂ ਕਿਆਂ ਕਰੂੰ ਮੇਰੀ ਆਦਤ ਹੈ ਮੁਸਕਰਾਨੇ ਕੀ॥

ਦੁੱਖਾਂ ਨੂੰ ਉਹ ਅਕਾਲ ਪੁਰਖ ਦਾ ਹੁਕਮ ਕਹਿਕੇ ਹੀ ਸਵੀਕਾਰਦੇ ਰਹੇ। ਮੁਸਲਾਧਾਰ ਮੀਂਹ ਵਿੱਚ ਰਾਤ ਦੇ ਸਮੇਂ ਸ੍ਰੀ ਆਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ਉਪਰ ਤੱਕ ਪਾਣੀ ਨਾਲ ਭਰੇ ਸਰਸਾ ਨਦੀ ਨੂੰ ਪਾਰ ਕਰਨ ਸਮੇਂ ਪਰਵਾਰ ਵਿਛੜ ਜਾਣ ਉਪਰੰਤ, ਚਮਕੌਰ ਸਾਹਿਬ ਵਿੱਚ ਤੁਰਕਾਂ ਨਾਲ ਅਨੋਖੇ ਯੁੱਧ ਵਿੱਚ ਵੱਡੇ ਸਾਹਿਬਜ਼ਾਦੇ ਤੇ ਤਿੰਨ ਪਿਆਰੇ ਸ਼ਹੀਦ ਹੋਣ ਉਪਰੰਤ ਤੇ ਛੋਟੇ ਸਾਹਿਬਜ਼ਾਦਿਆਂ ਦੀ ਦਿਲ ਕੰਬਾਊ ਸ਼ਹਾਦਤ ਦਾ ਪਤਾ ਲੱਗਣ ਤੇ ਉਹ ਦੁੱਖ ਝਲਦੇ ਹੋਏ ਤਲਵੰਡੀ ਸਾਹਿਬ ਪਹੁੰਚੇ। ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਅਸਹਿ ਦੁੱਖਾਂ ਦੀਆਂ ਸੱਟਾਂ ਲੱਗਣ ਉਪਰੰਤ ਆਮ ਆਦਮੀ ਪੰਤਾਲੀ-ਪਰਸੈਂਟ ਰਹਿ ਜਾਂਦਾ ਹੈ। ਉਸ ਦੇ ਖਾਨਿਉਂ ਚਲੀ ਜਾਂਦੀ ਹੈ। ਅਕਲ ਟਿਕਾਣੇ ਨਹੀਂ ਰਹਿੰਦੀ। ਕੁੱਝ ਸੁੱਝਦਾ ਨਹੀਂ। ਸਾਹਿਬੇ-ਕਮਾਲ ਨੇ ਉੱਥੇ ਜਾਕੇ ਇਕ ਮਹਾਨ ਕੰਮ ਕੀਤਾ। ਭਾਈ ਮਨੀ ਸਿੰਘ ਕੋਲੋਂ ਲਿਖਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਉਨ੍ਹਾਂ ਦੇ ਬੋਲ ਹਨ:

ਮੈਂ ਬੁਲੰਦੀ ਸੇ ਗੁਜਰਾ, ਬਸਤੀ ਸੇ ਗੁਜਰਾ॥
ਜਹਾਂ ਜਹਾਂ ਵੀ ਗੁਜਰਾ ਬੜੀ ਮਸਤੀ ਸੇ ਗੁਜਰਾ॥

ਹੇਠ ਲਿਖੀ ਕਵਿਤਾ ਸਾਹਿਬ-ਏ-ਕਮਾਲ, ਦਸਮੇਸ਼ ਪਿਤਾ, ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਥਾਏ ਮਹਿਰੂਮ ਕਵੀਸ਼ਰ ਗਿਆਨੀ ਚੇਤ ਸਿੰਘ ਦੀ ਕ੍ਰਿਤ ਪੇਸ਼ ਹੈ:

ਕਲਗੀਧਰ ਦਸਮੇਸ਼ ਨੀ ਰੋਇਆ,
ਪਿਤਾ ਪੁੱਤਰ ਹੱਸ-ਹੱਸ ਕੇ ਵਾਰੇ।
ਇੰਦਰ ਬ੍ਰਹਮਾ ਵਿਸ਼ਨੂੰ ਰੋਏ,
ਜੋ ਸ੍ਰਿਸ਼ਟੀ ਦੇ ਰਚਣਹਾਰ।
ਦੁਨੀਆਂ ਵਿਚੋਂ ਰੋ-ਰੋ ਤੁਰ ਗਏ,
ਜੋ ਮੰਨੇ ਚੌਵੀਸ ਅਵਤਾਰ।
ਸੀਤਾ, ਲਛਮਣ, ਭਰਤ, ਭਵੀਸ਼ਨ
ਰਾਮ ਚੰਦਰ ਗਏ ਧਾਹਾਂ ਮਾਰ।
ਤਿਲਕ ਜਨੇਊ ਦੀ ਰਾਖੀ ਦੇ ਲਈ,
ਇਸ ਮਾਨੁਖੀ ਕੋਹਿਨੂਰ ਨੇ ਮਾਰੇ ਲਿਸ਼ਕਾਰੇ।
ਕਲਗੀਧਰ ਦਸਮੇਸ਼ ਨੀ ਰੋਇਆ,

ਪਿਤਾ ਪੁੱਤਰ ਹੱਸ-ਹੱਸ ਕੇ ਵਾਰੇ।
ਸ਼ਿਵਜੀ, ਨੀਲ ਕੰਠ ਔਰ ਗਣਪਤ ਰੋਏ,
ਰੋਂਦੀ ਗਈ ਦਰੋਪਤ ਨਾਰੀ।
ਚੀਰ ਸਭਾ ਵਿੱਚ ਗਏ ਉਤਾਰੇ,
ਦੇਖ ਰਹੀ ਸੀ ਖਲਕਤ ਸਾਰੀ।
ਪੰਜੇ ਪਾਂਡੋ ਬੈਠੇ ਰੋਂਦੇ,
ਪੁੱਤਰ ਦੀ ਸੱਟ ਹੁੰਦੀ ਭਾਰੀ।
ਲਖਮੀਂ ਦਾਸ, ਸਿਰੀ ਚੰਦ ਰੋਏ,
ਗੁਰੂ ਨਾਨਕ ਜਾਂ ਪ੍ਰਲੋਕ ਸਿਧਾਰੇ।
ਕਲਗੀਧਰ ਦਸਮੇਸ਼ ਨੀ ਰੋਇਆ,
ਪਿਤਾ ਪੁੱਤਰ ਹੱਸ-ਹੱਸ ਕੇ ਵਾਰੇ।
ਗੋਪੀ ਚੰਦ ਭਰਥਰੀ ਰੋਏ,
ਗੱਦੀ ਰਾਜ ਭਾਗ ਦੀ ਛੱਡੀ ਸਾਰੀ।
ਸੋਲਾਂ ਕਲਾਂ ਸਪੂਰਨ ਰੋਇਆ,
ਜੋ ਸਤਿਕਾਰੇ ਕ੍ਰਿਸ਼ਨ ਮੁਰਾਰੀ।
ਕੌਰੂ ਕੀਚਕ, ਸਗੜ ਭੂਪ ਜੀ,
ਰੋਂਦੇ ਦੇਖੇ ਜਾਰੋ ਜਾਰੀ।
ਚੰਦ ਸੂਰਜ ਵੀ ਦੋਨੋ ਰੋਏ,
ਰੋਂਦੇ ਦੇਖੇ ਅੰਬਰ ਤਾਰੇ।
ਕਲਗੀਧਰ ਦਸਮੇਸ਼ ਨੀ ਰੋਇਆ
ਪਿਤਾ ਪੁੱਤਰ ਹੱਸ-ਹੱਸ ਕੇ ਵਾਰੇ।
ਗੋਰਖ ਅਤੇ ਮਛੰਦਰ ਰੋਏ,
ਪ੍ਰਭੂ ਦਾ ਜੋ ਦੇਖ ਨਜ਼ਾਰਾ।
ਗੌਰਾਂ ਅਤੇ ਹਰੀ ਚੰਦ ਰੋਏ,
ਬੱਚਾ ਪਿਆ ਗੋਦ ਵਿੱਚ ਮਾਰਾ।
ਕਾਤਲ ਜਮਸ਼ੈਦ ਨੂੰ ਮਾਰ ਮੁਕਾਇਆ,
ਖੰਜਰ ਨੰਦੇੜ 'ਚ ਚਲਾਇਆ ਭਾਰਾ।
ਰੱਤੀ ਸੋਗ ਨਾ ਕੀਤਾ ਸਤਿਗੁਰ,
ਹੱਥੀਂ ਭੇਟ ਚੜਾਏ ਚਾਰੇ।
ਕਲਗੀਧਰ ਦਸਮੇਸ਼ ਨੀਂ ਰੋਇਆ,
ਪਿਤਾ ਪੁੱਤਰ ਹੱਸ-ਹੱਸ ਕੇ ਵਾਰੇ।
ਕਰੁਣ ਕੁਬੇਰ ਬਿਕਰਮਾ ਰੋਏ,
ਰਾਵਣ ਰੋਇਆ ਲੰਕਾ ਜਾਲ।
ਕ੍ਰਿਸ਼ਨ ਦੀ ਮਾਤਾ ਫੁੱਟ ਫੁੱਟ ਰੋਈ।
ਜਾਂ ਮਾਰੀ ਉਸਨੇ ਜਮਨਾ ਛਾਲ।
ਝੂਠੀਆਂ ਖਾਧੀਆਂ ਧਰਮ ਦੀਆਂ ਕਸਮਾਂ,
ਸਤਿਗੁਰ ਗਏ ਧਰਮ ਨੂੰ ਪਾਲ।
ਪੰਡਿਤ ਨਹਿਰੂ ਬਹੁਤਾ ਰੋਇਆ,
ਜਲ੍ਹਿਆਂ ਵਾਲੇ ਬਾਗ ਜਾਂ ਨਿਹੱਥੇ ਮਾਰੇ।
ਕਲਗੀਧਰ ਦਸਮੇਸ਼ ਨੀਂ ਰੋਇਆ,
ਪਿਤਾ ਪੁੱਤਰ ਹੱਸ-ਹੱਸ ਕੇ ਵਾਰੇ।
ਸ਼ਰਨ ਪਏ ਦੁਸ਼ਮਨ ਦੀ ਰੱਖੀ,
ਭਾਈ ਨੰਦ ਲਾਲ ਰਾਹੀਂ ਸੁਣੀ ਪੁਕਾਰ।
ਬਹਾਦਰ ਸ਼ਾਹ ਨੂੰ ਰਾਜ ਦੁਆਇਆ,
ਤਾਰੇ ਆਜ਼ਮ ਨੂੰ ਦਿੱਤਾ ਮਾਰ।
ਰੋਣ ਬਾਝੋਂ ਕੋਈ ਵਿਰਲਾ ਰਹਿ ਗਿਆ,
ਕੋਈ ਨਾ ਮਰੇ ਕਿਸੇ ਦੇ ਨਾਲ।
ਸਤਿਗੁਰ ਪ੍ਰਥਾਇਆ ਬਹਾਰ, ਵਿਚਾਰਾ
ਮੁੱਖੋਂ ਆਖੇ ਬੋਲ ਕਰਾਰੇ।
ਕਲਗੀਧਰ ਦਸਮੇਸ਼ ਨੀਂ ਰੋਇਆ,
ਪਿਤਾ ਪੁੱਤਰ ਹੱਸ-ਹੱਸ ਕੇ ਵਾਰੇ।

ਗਿਆਨੀ ਜੀ ਵਲੋਂ ਲਿਖਿਆ ਉਨ੍ਹਾਂ ਦਾ ਉਸ ਵੇਲੇ ਦਾ ਪਤਾ:-
ਪਿੰਡ ਨਨੇਹੜੀ ਤੇ ਤਸੀਲ ਆਮ ਜੀ, ਖਰੜ ਨਿਰਾਲੀ ਏ।
ਜ਼ਿਲ੍ਹਾ ਜੋ ਅੰਬਾਲਾ ਚੇਤ ਸਿੰਘ ਨਾਮ ਜੀ ਪੋਸਟ ਕੁਰਾਲੀ ਏ।
ਗੁਰੂ ਜੋ ਗੋਬਿੰਦ ਸਿੰਘ ਸੋਢੀ ਸਰਕਾਰ ਜੀ ਕੁਰਬਾਨੀ ਲੜਦੇ।
ਚੇਤ ਸਿੰਘ ਗੁੰਦੇ ਕਵਿਤਾ ਦੇ ਹਾਰ ਜੀ, ਵਿੱਚ ਮੋਤੀ ਜੜਦੇ।

****

ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਵੱਲੋਂ ਨਵੰਬਰ 2019 ਤੱਕ ਭਾਈ ਦਿੱਤ ਸਿੰਘ ਪੱਤ੍ਰਿਕਾ ਦੇ ਸਾਰੇ ਅੰਕ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਣਗੇ। ਸੋ ਲੇਖਕਾਂ, ਕਵੀਆਂ ਨੂੰ ਬੇਨਤੀ ਹੈ ਕਿ ਅਕਤੂਬਰ ਤੱਕ ਇਸੀ ਨਾਲ ਸਬੰਧਤ ਰਚਨਾਵਾਂ ਭੇਜੀਆਂ ਜਾਣ। ਜੇ ਕੋਈ ਇਕੱਠੀਆਂ ਰਚਨਾਵਾਂ ਭੇਜਣਾ ਚਾਹੇ ਤਾਂ ਮਹੀਨਾ ਜਿਸ ਵਿੱਚ ਪ੍ਰਕਾਸ਼ਿਕ ਕਰਨ ਦੇ ਚਾਹਵਾਨ ਹੋਵੇ ਜ਼ਰੂਰ ਦੱਸਣ।

ਮੁੱਖ ਸੰਪਾਦਕ



ਗੁਰੂ ਨਾਨਕ ਦੇਵ ਜੀ ਦੀ ਮਾਨਵਵਾਦੀ ਵਿਚਾਰਧਾਰਾ

ਡਾ. ਸਾਹਿਬ ਸਿੰਘ ਅਰਸ਼ੀ

ਗੁਰੂ ਨਾਨਕ ਦੇਵ ਜੀ ਦੇ ਧਰਤੀ ਤੇ ਅਵਤਾਰ ਲੈਣ ਦੀ ਘਟਨਾ ਕੇਵਲ ਇਤਿਹਾਸਕ ਨਾ ਹੋ ਕੇ ਆਲੌਕਿਕ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ ਜਿਸ ਨਾਲ ਮਾਨਵੀ ਹਿਤਾਂ ਨੂੰ ਸੁਰੱਖਿਆ ਪ੍ਰਦਾਨ ਹੋਈ। 15ਵੀਂ ਸਦੀ ਦੀ ਸਮਾਜਿਕ ਅਰਥ ਵਿਵਸਥਾ ਦੇ ਸਮੁੱਚੇ ਸਰਵੇਖਣ ਤੋਂ ਸਪੱਸ਼ਟ ਹੈ ਕਿ ਰਾਜ ਕਰਨ ਵਾਲੇ ਪਰਜਾ ਦੀ ਰੱਖਿਆ ਕਰਨ ਦੀ ਥਾਂ ਉਲਟਾ ਆਪ ਹੀ ਲੁੱਟ ਰਹੇ ਸਨ। ਸਭ ਪਾਸੇ ਅਧਰਮ ਦਾ ਬੋਲਬਾਲਾ ਸੀ। ਇਸ ਅਵਸਥਾ ਦਾ ਵਰਣਨ ਨਾਨਕ ਬਾਣੀ ਵਿੱਚ ਇਸ ਪ੍ਰਕਾਰ ਹੈ:

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜ ਫਿਰੈ ਪਰਧਾਨੁ ਵੇ ਲਾਲੋ।
ਕਾਜੀਆਂ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ। (ਤਿਲੰਗ ਮ. 1)

ਅਜਿਹੀਆਂ ਪਰਿਸਥਿਤੀਆਂ ਵਿੱਚ ਲੋਕਾਈ ਨੂੰ ਕਿਸੇ ਰਹਿਬਰ ਦੀ ਲੋੜ ਭਾਸਦੀ ਹੈ। ਗੁਰਮਤਿ ਦੇ ਲਿਖਾਰੀ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਸੰਸਾਰ ਆਗਮਨ ਨੂੰ ਇਸ ਪ੍ਰਕਾਰ ਬਿਆਨਿਆ ਹੈ:

ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰੂ ਨਾਨਕ ਜਗ ਮਾਹਿ ਪਠਾਇਆ।

ਸਭ ਪਾਸੇ ਫੈਲ ਰਹੇ ਦੰਭ, ਝੂਠੇ ਵਿਅਰਥ ਦੇ ਰੀਤੀ-ਰਿਵਾਜਾਂ ਨੂੰ ਵੇਖਦਿਆਂ ਆਪ ਨੇ ਚੁਣੌਤੀ ਨੂੰ ਸਵੀਕਾਰਦਿਆਂ ਪਹਿਲ ਕਦਮੀ ਕੀਤੀ। ਸਭ ਤੋਂ ਪਹਿਲਾਂ ਜਨੇਊ ਪਹਿਨਣ ਦੀ ਰਸਮ ਦਾ ਤ੍ਰਿਸਕਾਰ ਕਰਕੇ ਸਮੁੱਚੀ ਖਲਕਤ ਨੂੰ ਜਾਗ੍ਰਿਤ ਕਰਦਿਆਂ ਪਾਂਧੇ ਨੂੰ ਸਪੱਸ਼ਟ ਸ਼ਬਦਾਂ ਵਿੱਚ ਕਿਹਾ:

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।
(ਆਸਾ ਦੀ ਵਾਰ ਮ: 1)

ਸੰਸਾਰ ਵਿੱਚ ਜਾਤ-ਪਾਤ ਦੀ ਪ੍ਰਥਾ ਵੀ ਮਾਨਵਜਾਤੀ ਨੂੰ ਘੁਣ ਵਾਂਗ ਖਾ ਰਹੀ ਸੀ। ਉੱਚੀ ਜਾਤ ਵਾਲੇ ਨੀਵੀ ਜਾਤ ਵਾਲਿਆਂ ਨੂੰ ਘਿਰਨਾ ਦੀ ਦ੍ਰਿਸ਼ਟੀ ਨਾਲ ਵੇਖਦੇ ਸਨ। ਇਸ ਪ੍ਰਕਾਰ ਜਾਤੀਵਾਦ ਕਾਰਨ ਲੋਕਾਂ ਦਾ ਜੀਵਨ ਦੁੱਭਰ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਵਲੋਂ ਇਸ ਪ੍ਰਥਾ ਵਿਰੁੱਧ ਉਠਾਏ ਕਦਮਾਂ ਤੋਂ ਪ੍ਰਭਾਵਿਤ ਹੁੰਦਿਆਂ ਸ਼ਾਇਰ ਇਲਾਮਾ ਇਕਬਾਲ ਨੇ ਕਿਹਾ ਹੈ:

ਫਿਰ ਉੱਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਏਕ ਮਰਦੇ ਕਾਮਿਲ ਨੇ ਜਗਾਇਆ ਖਵਾਬ ਸੇ।

ਆਪ ਅਨੁਸਾਰ ਸਮੁੱਚੀ ਸ੍ਰਿਸ਼ਟੀ ਉਸ ਪ੍ਰਭੂ ਦੀ ਰਚਨਾ ਹੈ। ਸਭ ਮਨੁੱਖ ਇਕ ਸਮਾਨ ਹਨ। ਕੋਈ ਵੀ ਊਚਾ ਜਾਂ ਨੀਚਾ ਨਹੀਂ ਹੈ। ਜਾਤ-ਪਾਤ ਤਾਂ ਮਨੁੱਖ ਦੇ ਦਿਮਾਗ ਦੀ ਉੱਪਜ ਹੈ। ਆਪ ਨੇ ਪਹਿਲ ਕਰਦਿਆਂ ਨੀਵੀਂ ਜਾਤੀ ਵਾਲਿਆਂ ਨੂੰ ਆਪਣੇ ਨਾਲ ਜੋੜ ਕੇ ਉਦਾਹਰਨ ਕਾਇਮ ਕੀਤੀ। ਆਪ ਦੁਆਰਾ ਸਾਂਝੇ ਸਮਾਜ ਦਾ ਜੀਵਨ ਮੁਕਤ, ਸਹਿਜ-ਗੁਰਮੁੱਖ ਤੇ ਸੇਵਾ ਧਰਮੀ ਸਮਾਜ ਦਾ ਸੁੰਦਰ ਰੂਪ ਥਾਪਿਆ ਗਿਆ ਜਿਸ ਵਿੱਚ ਬਾਲਾ-ਮਰਦਾਨਾ, ਭਾਈ ਲਾਲੋ, ਮਲਿਕ ਭਾਗੋ ਆਦਿ ਨੂੰ ਇਕ ਪੰਕਤੀ ਵਿੱਚ ਖੜਾ ਕਰ ਵਿਖਾਇਆ ਅਤੇ ਕਿਹਾ:

ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ।

ਮਨੁੱਖ ਜਾਤ ਕਰਕੇ ਨਹੀਂ ਸਗੋਂ ਆਪਣੇ ਕੰਮਾਂ ਕਰਕੇ ਹੀ ਵਡਿਆਈ ਧਾਰਨ ਕਰਦਾ ਹੈ। ਉਸ ਨੂੰ ਕੀਤੇ ਕਰਮਾਂ ਦੇ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਆਪ ਦੀ ਬਾਣੀ ਵਿੱਚ ਸਪੱਸ਼ਟ ਉਚਾਰਨ ਹੈ:

ਜੈਸਾ ਕਰੇ ਸੁ ਤੈਸਾ ਪਾਵੈ।
ਆਪਿ ਬੀਜਿ ਆਪੇ ਹੀ ਖਾਵੈ। (ਧਨਾਸਰੀ ਮ. 1)

ਗੁਰੂ ਨਾਨਕ ਨੇ ਲੋਕਾਈ ਨੂੰ ਉਪਦੇਸ਼ਣ ਦੀ ਥਾਂ ਸੰਵਾਦ ਦਾ ਰਾਹ ਚੁਣਿਆ। ਸਿੱਧਾਂ ਨਾਲ ਗੋਸ਼ਟਿ ਵਿੱਚ ਉਨ੍ਹਾਂ ਦੇ ਘਰ-ਬਾਰ ਤਿਆਗ ਕੇ ਪਹਾੜਾਂ ਦੀਆਂ ਕੰਦਰਾਂ ਵਿੱਚ ਛੁੱਪ ਕੇ ਬੈਠਨ ਦੇ ਰਸਤੇ ਦੀ ਨਿਖੇਧੀ ਕਰਦਿਆਂ ਗ੍ਰਿਹਸਥ ਵਿੱਚ ਰਹਿ ਕੇ ਸੰਸਾਰੀ ਲੋਕਾਂ ਦਾ ਮਾਰਗ ਦਰਸ਼ਨ ਕਰਨ ਲਈ ਕਿਹਾ। ਆਪ ਨੇ 'ਰਾਜ ਮਹਿ ਜੋਗ ਕਮਾਯੋ' ਅਨੁਸਾਰ ਗ੍ਰਿਹਸਥ ਧਰਮ ਨੂੰ ਪ੍ਰਮੁੱਖਤਾ ਦਿੱਤੀ। ਬਾਹਰੀ ਭੇਖ ਧਾਰਨ ਵਾਲਿਆਂ ਦੀ ਆਪ ਨੇ ਪਰਜ਼ੋਰ ਨਿਖੇਧੀ ਕੀਤੀ ਜੋ ਗਲ ਵਿੱਚ ਸਾਲਗ੍ਰਾਮ ਪੱਥਰ ਲਟਕਾ ਕੇ ਤੇ ਤੁਲਸੀ ਮਾਲਾ ਪਹਿਨ ਕੇ, ਮੱਥੇ ਤੇ ਟਿੱਕੇ ਲਗਾ ਕੇ ਭੇਖ ਕਰਦੇ ਹਨ ਇਸ ਤਰਹ ਦਾ ਪਾਖੰਡ ਕਰਨਾ ਸਭ ਤੋਂ ਵੱਡਾ ਅਉਗਣ ਹੈ। ਆਪ ਨੇ ਮਨੁੱਖਤਾ ਦੇ ਉਧਾਰ ਲਈ ਚਿਤਾਵਨੀ ਦਿੰਦਿਆਂ ਕਿਹਾ:

ਛੋਡੀਲੇ ਪਾਖੰਡਾ, ਨਾਮਿ ਲਾਇਐ ਜਾਹਿ ਤਰੰਦਾ।

ਆਪ ਨੇ ਲੋਕਾਈ ਨੂੰ ਝੂਠ ਦਾ ਰਸਤਾ ਤਿਆਗ ਕੇ ਸੱਚ ਦਾ ਰਾਹ ਅਪਨਾਉਣ ਤੇ ਜ਼ੋਰ ਦਿੱਤਾ ਕਿਉਂਕਿ ਇਹ ਮਾਰਗ ਹੀ ਮਨੁੱਖੀ ਜੀਵਨ ਦੀ ਸਫਲਤਾ ਦਾ ਸੂਚਕ ਹੈ। ਆਪ ਨੇ ਬਾਣੀ ਵਿੱਚ ਫੁਰਮਾਇਆ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।

ਇਹ ਪ੍ਰਸ਼ਨ ਮਨੁੱਖਾਂ ਤੋਂ ਜਾਨਣ ਲਈ ਨਾਲ ਇਹ ਵੀ ਦੱਸਿਆ ਕਿ ਸਚਿਆਰ ਕਿਸ ਪ੍ਰਕਾਰ ਬਨਣਾ ਹੈ ਤੇ ਕੂੜ ਤੋਂ ਕਿਸ ਪ੍ਰਕਾਰ ਛੁਟਕਾਰਾ ਪਾਣਾ ਹੈ। ਆਪ ਨੇ ਸਪੱਸ਼ਟ ਭਾਵ ਵਿੱਚ ਕਿਹਾ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।

ਮਨੁੱਖ ਵਾਸਤਵਿਕਤਾ ਤੋਂ ਦੂਰ ਰਹਿ ਕੇ ਉਸ ਸੱਚੇ ਦੀ ਖੋਜ ਤੋਂ ਅਨਜਾਣ ਬਣਿਆ ਰਹਿੰਦਾ ਹੈ। ਅਸੀਂ ਸੰਸਾਰ ਵਿੱਚ ਵਿਚਰਦਿਆਂ ਬ੍ਰਹਿਮੰਡੀ ਸਾਇੰਸ ਬਾਰੇ ਤਾਂ ਚਿੰਤਿਤ ਹਾਂ ਪ੍ਰੰਤੂ ਆਤਮਾ ਦੀ ਸਾਇੰਸ ਵੱਲੋਂ ਬੇਧਿਆਨੇ ਹੀ ਰਹਿੰਦੇ ਹਾਂ। ਇਹੋ ਹੀ ਮਨੁੱਖ ਦਾ ਦੁਖਾਂਤ ਹੈ। ਇੱਥੇ ਹੀ ਬੱਸ ਨਹੀਂ ਮਨੁੱਖ ਸੰਸਾਰਕ ਮਾਇਆ ਦੇ ਜਾਲ ਵਿਚ ਲਿਪਤ ਸੁੱਖਾਂ ਨੂੰ ਲੋਚਦਾ ਦੁੱਖ ਸਹੇੜ ਲੈਂਦਾ ਹੈ। ਧੀਆਂ, ਪੁੱਤਰ, ਪਤਨੀ ਅਤੇ ਹੋਰ ਸੰਸਾਰਕ ਸੰਬੰਧ ਮਾਇਆ ਦਾ ਹੀ ਪਸਾਰਾ ਹੈ ਜਿਸ ਦੇ ਮੋਹ ਵਿੱਚ ਫਸ ਕੇ ਚਿੰਤਾਵਾਂ ਅਤੇ ਮਾਨਸਿਕ ਰੋਗ ਲਾ ਬੈਠਦਾ ਹੈ ਜਿਸ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਹੁੰਦਾ। 'ਸੁੱਖ ਕੇ ਹੇਤ ਬਹੁਤ ਦੁੱਖ ਪਾਵਤ।' ਅਜਿਹੇ ਸੁੱਖ ਪਾਉਣ ਦੀ ਲਾਲਸਾ ਹੀ ਮਨੁੱਖੀ ਮਨ ਦੀ ਭਟਕਣ ਹੈ। ਆਪ ਦਾ ਫੁਰਮਾਣ ਹੈ:

ਦੁਖੁ ਦਾਰੂ ਸੁਖੁ ਰੋਗ ਭਇਆ
ਜਾ ਸੁਖੁ ਤਾਮਿ ਨ ਹੋਈ। (ਰਾਗ ਆਸਾ ਮ. 1)

ਮਾਨਵਤਾ ਦੇ ਹਿੱਤਾਂ ਦੀ ਗੱਲ ਕਰਦਿਆਂ ਆਪ ਨੇ ਮਨੁੱਖ ਜਾਤੀ ਨੂੰ ਸੱਚੀ ਤੇ ਸੁੱਚੀ ਕਿਰਤ ਕਰਨ ਲਈ ਪ੍ਰੇਰਿਆ ਅਤੇ ਪਰਾਏ ਹੱਕ ਨੂੰ ਲੈਣ ਦੀ ਨਿਖੇਧੀ ਕਰਦਿਆਂ ਕਿਹਾ:

ਹਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।

ਜਿਸ ਪ੍ਰਕਾਰ ਖ਼ੂਨ ਨਾਲ ਲਿਬੜਿਆ ਹੋਇਆ ਕਪੜਾ ਪਲੀਤ ਹੋ ਜਾਂਦਾ ਹੈ ਇਸੇ ਪ੍ਰਕਾਰ ਦੂਸਰਿਆਂ ਦਾ ਹੱਕ ਮਾਰਨ ਵਾਲਿਆਂ ਤੋਂ ਕੋਈ ਉਦਾਰਦਿਲੀ ਦੀ ਆਸ ਨਹੀਂ ਰੱਖੀ ਜਾ ਸਕਦੀ। ਆਪਣੇ ਹੱਕ ਹਲਾਲ ਦੀ ਕਮਾਈ ਕਰਕੇ ਹੀ ਜੀਵਨ ਦਾ ਸੁੱਖ ਮਾਣਿਆਂ ਜਾ ਸਕਦਾ ਹੈ। ਆਪ ਨੇ ਅਗਿਆਨਤਾ ਵੱਸ ਹਉਮੈ ਦੀ ਭੱਠੀ ਵਿੱਚ ਪਏ ਸੰਸਾਰੀਆਂ ਨੂੰ ਵੀ ਨਿੰਦਿਆ। ਅਹੰਕਾਰ ਹੀ ਕਈ ਵਾਰੀ ਮਨੁੱਖ ਦੇ ਨਾਸ਼ ਦਾ ਕਰਨ ਬਣਦਾ ਹੈ ਕਿਉਂਕਿ 'ਹਉਮੈ ਦੀਰਘ ਰੋਗ ਹੈ।' ਇਸੇ ਪ੍ਰਕਾਰ ਮਨ ਨੂੰ ਵੱਸ ਕਰਨ ਲਈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਤਿਆਗਣ ਤੇ ਜ਼ੋਰ ਦਿੱਤਾ। ਮਨ ਹਲਕਾਰਾ ਹੈ ਜੋ ਮਨੁੱਖ ਦੀਆਂ ਚਿੱਤ ਬਿਰਤੀਆਂ ਨੂੰ ਅਸ਼ਾਂਤ ਕਰਕੇ ਕੁਰਾਹੇ ਪਾਉਂਦਾ ਹੈ। ਇਸ ਲਈ ਆਪ ਨੇ ਮਨ ਨੂੰ ਅਪਣੇ ਵੱਸ ਵਿੱਚ ਰੱਖਣ ਲਈ ਕਿਹਾ:

ਮਨਿ ਜੀਤੈ ਜਗੁ ਜੀਤੁ

ਮਨੁੱਖੀ ਜੀਵਨ ਲਈ ਸੰਜਮ ਨੂੰ ਵੀ ਮਹਤਤਾ ਦਿੱਤੀ ਕਿਉਂਕਿ ਸਬਰ-ਸੰਤੋਖ ਦੀ ਧਾਰਨਾ ਵੀ ਮਨੁੱਖੀ ਜੀਵਨ ਲਈ ਅਤਿ ਆਵਸ਼ਕ ਹੈ। ਹਰ ਸ਼ੈ ਦੀ ਲੋੜ ਤੋਂ ਵਧੇਰੇ ਵਰਤੋਂ ਵੀ ਦੁੱਖਾਂ ਕਲੇਸ਼ਾਂ ਦਾ ਕਾਰਨ ਬਣਦੀ ਹੈ। ਉਹ ਭੋਜਨ ਜਿਸ ਨੂੰ ਖਾਣ ਨਾਲ ਤਨ ਨੂੰ ਕਸ਼ਟ ਉਪਜੇ ਅਤੇ ਮਨ ਵਿੱਚ ਵਿਕਾਰ ਪੈਦਾ ਹੋਣ ਅਜਿਹੀ ਖੁਆਰੀ ਤੋਂ ਬਚਣ ਲਈ ਆਪ ਨੇ ਮਾਨਵ ਕਲਿਆਣ ਹੇਤੂ ਸਪੱਸ਼ਟ ਸੰਕੇਤ ਦੇ ਕੇ ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਤੇ ਜ਼ੋਰ ਦਿੱਤਾ:

ਸੇਵਾ ਸੁਰਤਿ ਸਬਦਿ ਵੀਚਾਰਿ।

ਜਪੁ ਤਪੁ ਸੰਜਮੁ ਹਉਮੈ ਮਾਰਿ। (ਪ੍ਰਭਾਤੀ ਮ. 1)

ਦੁਨਿਆਵੀ ਕਲਿਆਣ ਲਈ ਸਦੀਆਂ ਤੋਂ ਲਿਤਾੜੀ ਜਾ ਰਹੀ ਇਸਤ੍ਰੀ ਦੀ ਦੁਰਦਸ਼ਾ ਨੂੰ ਵੇਖਦਿਆਂ ਸਮਾਜ ਵਿੱਚ ਬਰਾਬਰ ਦਾ ਦਰਜਾ ਅਤੇ ਸਨਮਾਨ ਦੇਣ ਬਾਰੇ ਆਵਾਜ਼ ਉਠਾਈ ਤੇ ਸਪੱਸ਼ਟ ਸ਼ਬਦਾਂ ਵਿੱਚ ਸਮਾਜ ਨੂੰ ਹਲੂਣਦਿਆਂ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।

(ਮ. 1, ਆਸਾ ਦੀ ਵਾਰ)

ਇੱਥੇ ਹੀ ਬੱਸ ਨਹੀਂ ਸੰਸਾਰਕ ਕਲਿਆਣ ਲਈ ਆਪ ਨੇ ਮਾਤਾ-ਪਿਤਾ, ਪਤਨੀ, ਬੱਚੇ ਅਤੇ ਹੋਰ ਸੰਬੰਧੀਆਂ ਦਾ ਮੋਹ ਤਿਆਗ ਕੇ ਘਰ ਬਾਰ ਤੋਂ ਦੂਰ ਚਾਰੇ ਦਿਸ਼ਾਵਾਂ ਦਾ ਭ੍ਰਮਣ ਕੀਤਾ। ਦੂਰ ਦਰੇਡੀਆਂ ਥਾਵਾਂ ਤੇ ਪੈਦਲ ਪੁੱਜ ਕੇ ਲੋਕਾਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਦੇ ਭਰਮ ਦੂਰ ਕੀਤੇ ਅਤੇ ਜੀਵਨ ਜਾਚ ਦੀ ਸੋਝੀ ਕਰਵਾਈ। ਇਥੇ ਵਰਣਨਯੋਗ ਹੈ ਕਿ ਕਈ ਥਾਵਾਂ ਤੇ ਲੋਕਾਈ ਦੀਆਂ ਮੁਸ਼ਕਲਾਂ ਨੂੰ ਭਾਪਦਿਆਂ ਉਨ੍ਹਾਂ ਦੀ ਪਾਣੀ ਦੀ ਔਕੜ ਦੂਰ ਕਰਨ ਲਈ ਆਪਣੀ ਦਿੱਬ ਦ੍ਰਿਸ਼ਟੀ ਨਾਲ ਬਿਦਰ (ਕਰਨਾਟਕਾ), ਪੁਰੀ (ਉੜੀਸਾ) ਅਤੇ ਆਸਾਮ ਦੀਆਂ ਬਰਫਾਨੀ ਪਰਬਤ ਚੋਟੀਆਂ ਤੇ (ਇਥੇ ਅੱਜਕਲ ਗੁਰਦਆਰਾ ਡਾਂਗਮਾਰ ਸਾਹਿਬ ਸੁਸ਼ੋਭਿਤ ਹੈ)। ਆਪ ਨੇ ਪਾਣੀ ਦਾ ਪਰਵਾਹ ਚਲਾਇਆ।

ਸੰਸਾਰਕ ਦੁੱਖਾਂ ਨੂੰ ਵੇਖਦਿਆਂ ਆਪ ਦਾ ਹਿਰਦਾ ਕਰੁਣਾਮਈ ਭਾਵ ਵਿਚ ਗੜੂੰਦ ਹੋ ਉਠਿਆ। ਉਸ ਸਮੇਂ ਬਾਬਰ ਦੇ ਭਾਰਤ ਤੇ ਕੀਤੇ ਹਮਲਿਆਂ ਨਾਲ ਜੋ ਮਨੁੱਖਤਾ ਦਾ ਘਾਣ ਹੋਇਆ, ਉਸ ਨੂੰ ਆਪ ਨੇ 'ਬਾਬਰਵਾਣੀ' ਵਿੱਚ ਬਿਆਨ ਕੀਤਾ ਹੈ। ਉਸ ਰਾਹੀਂ ਕੀਤੇ ਗਏ ਜ਼ੁਲਮ ਆਪ ਨੇ ਪ੍ਰਮਾਤਮਾ ਅੱਗੇ ਵੀ ਰੋਸਾ ਪ੍ਰਗਟ ਕਰਦਿਆਂ ਕਿਹਾ:

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨਾ ਆਇਆ।

ਗੁਰੂ ਨਾਨਕ ਦੇਵ ਜੀ ਨੇ ਕਥਨੀ ਤੇ ਕਰਨੀ ਰਾਹੀਂ ਮਨੁੱਖਤਾ ਦੇ ਵਿਕਾਸ ਦਾ ਮਾਰਗ ਦਰਸ਼ਾਇਆ। ਕਿਰਤ ਕਰਕੇ ਨਾਮ ਵਿੱਚ ਲੀਨ ਹੋਕੇ, ਵੰਡ ਛੱਕਣਾ ਹੀ ਸਹਿਜ-ਜੀਵਨ ਦੀ ਜਾਚ ਦੱਸੀ ਪ੍ਰੰਤੂ ਇਸ ਦੇ ਨਾਲ ਹੀ ਮਾਇਆ ਤੋਂ ਅਭਿੱਜ ਰਹਿਣ ਲਈ ਵੀ ਸੁਚੇਤ ਕੀਤਾ ਤੇ ਇਸ ਪਿੱਛੇ ਲੱਗ ਕੇ ਦੁੱਖ ਸਹੇੜਣ ਤੋਂ ਜਾਗਰੂਪ ਕਰਦਿਆਂ ਕਿਹਾ:

ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨਾ ਜਾਈ।


ਇਸ ਪ੍ਰਕਾਰ ਸੰਨਿਆਸ ਤੇ ਵਿਲਾਸ ਤੋਂ ਨਿਰਲੇਪ ਰਹਿ ਕੇ ਸੰਤੁਲਿਤ ਜੀਵਨ-ਪ੍ਰਣਾਲੀ ਚਲਾਉਣ ਦਾ ਉਪਰਾਲਾ ਹੀ ਇਕ ਤਰਹ ਦੀ ਸਮਾਜਿਕ ਚੇਤੰਨਤਾ ਦੀ ਲਹਿਰ ਸੀ। ਆਪ ਨੇ ਸਹਿ-ਭਜਨ, ਸਹਿਭੋਜ ਅਤੇ ਸਹਿ-ਅਸਤਿੱਤਵ ਦਾ ਅਮਲੀ ਜੀਵਨ ਸੰਗਤਾਂ ਵਿੱਚ ਪ੍ਰਚਲਿਤ ਕਰਕੇ ਰਾਹ ਦਰਸ਼ਾਇਆ।

ਇਹ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਵਿਸ਼ੇਸ਼ ਮੱਤ ਲਈ ਪ੍ਰਚਾਰ ਨਾ ਕਰਕੇ ਸਰਬ-ਸਾਂਝੇ ਮਨੁੱਖਤਾਵਾਦੀ ਫਲਸਫੇ ਦੇ ਆਚਾਰਾਂ ਦੀ ਪੁਸ਼ਟੀ ਕੀਤੀ। ਆਪ ਦਾ ਮਾਨਵਵਾਦੀ ਫਲਸਫਾ ਮਨੁੱਖਤਾ ਬਾਰੇ ਸੰਕਲਪ ਹੈ ਜੋ ਦ੍ਰਿਸ਼ਟਮਾਨ ਸੰਸਾਰ ਦੇ ਅਧਿਆਤਮਕ ਤੱਤ ਦਾ ਧਾਰਨੀ ਵੀ ਹੈ। ਆਪ ਦੁਆਰਾ ਰਚੀ ਗਈ 19 ਰਾਗਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਇਸ ਦਾ ਪ੍ਰਤੱਖ ਪ੍ਰਮਾਣ ਹੈ। ਆਪ ਦੀ ਧਾਰਨਾ ਮਨੁੱਖੀ ਮਨਾਂ ਨੂੰ ਸੁਚੇਤ ਕਰਕੇ ਜਾਗ੍ਰਿਤੀ ਲਿਆਉਣਾ ਸੀ ਅਤੇ ਸੰਸਾਰਿਕ ਪ੍ਰਚਲਿੱਤ ਕੁਰੀਤੀਆਂ, ਪਾਖੰਡਾਂ ਅਤੇ ਸੰਸਾਰ ਵਿਰੋਧੀ ਮਰਯਾਦਾਵਾਂ ਤੋਂ ਛੁਟਕਾਰਾਂ ਦਿਲਾਉਣਾ ਸੀ ਜੋ ਲੋਕਾਈ ਨੂੰ ਅਗਿਆਨਤਾ ਅਤੇ ਅੰਧਵਿਸ਼ਵਾਸ਼ਾ ਵੱਲ ਧਕੇਲ ਰਹੀਆਂ ਸਨ। ਮਨੁੱਖਤਾ ਨੂੰ ਏਕਤਾ, ਸਾਂਝੀਵਾਲਤਾ ਅਤੇ ਪ੍ਰੇਮ ਦੇ ਸੂਤਰ ਵਿੱਚ ਇੱਕ ਮਣਕੇ ਵਿੱਚ ਪਰੋਣ ਦਾ ਕੰਮ ਜੋ ਗੁਰੂ ਨਾਨਕ ਦੇਵ ਜੀ ਦੁਆਰਾ ਕੀਤਾ ਗਿਆ ਉਹ ਵਰਤਮਾਨ ਅਤੇ ਭਵਿੱਖ ਲਈ ਵੀ ਮਾਰਗ ਦਰਸ਼ਨ ਕਰਦਾ ਰਹੇਗਾ।

9463327557

****

ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹਾਦਤ ਤੇ ਸਾਡਾ ਗਿਆਨ



ਹਰਪ੍ਰੀਤ ਸਿੰਘ

ਸਾਲ 2012 ਵਿੱਚ ਸਾਡੇ ਵੱਲੋਂ ਇੱਕ ਪਰਚਾ ਛਪਵਾ ਕਿ ਅਪਣੇ ਸਹਿਰ (ਸਰਹਿੰਦ ਫਤਹਿਗੜ੍ਹ ਸਾਹਿਬ)ਵਿੱਚ ਵੰਡਿਆ ਗਿਆ। ਜਿਸ ਦਾ ਸਬੰਧ ਗੁਰੂ ਅਰਜਨ ਪਾਤਸ਼ਾਹ ਜੀ ਦੀ ਲਾਸਾਨੀ ਅਤੇ ਤਸੀਹਿਆ ਭਰੀ ਸ਼ਹਾਦਤ ਨਾਲ ਸੀ।ਵਿਸਥਾਰ ਵਿੱਚ ਨਾਂ ਜਾਦੇ ਹੋਏ ਪਾਠਕਾ ਨੂੰ ਦੱਸ ਦੇਈਏ ਕਿ ਇਸ ਪਰਚੇ ਵਿੱਚ ਗੁਰੂ ਅਰਜਨ ਪਾਤਸ਼ਾਹ ਜੀ ਦੇ ਜੀਵਨ ਬਾਰੇ ਕੁੱਝ ਸਵਾਲ ਪੁੱਛੇ ਗਏ ਸਨ ਤੇ ਜਵਾਬ ਦੇਣ ਵਾਲੇ ਨੂੰ ਗੁਰਮਤਿ ਦੀਆ ਕਿਤਾਬਾਂ ਦਾ ਇੱਕ ਸੈਟ ਦਿੱਤਾ ਜਾਣਾ ਸੀ ਪਰ ਅਫਸੋਸ ਕਿ ਇੱਕ ਹਜਾਰ ਪਰਚੇ ਪਿੱਛੇ ਕੇਵਲ ਇੱਕ ਬੰਦੇ ਨੂੰ ਹੀ ਗੁਰੂ ਅਰਜਨ ਪਾਤਸ਼ਾਹ ਜੀ ਦੇ ਜੀਵਨ ਅਤੇ ਉਹਨਾ ਦੀਆ ਸਿੱਖਿਆਵਾ ਦਾ ਗਿਆਨ ਸੀ। ਸਰਹਿੰਦ ਵਿੱਚ ਹੀ ਗੁਰਦੁਆਰਾ ਫਤਹਿਗੜ੍ਹ ਸਾਹਿਬ ਤੋ ਕੁੱਝ ਹੀ ਦੂਰੀ ਤੇ ਰੋਜਾ ਸ਼ਰੀਫ ਬਣਿਆ ਹੋਇਆ ਹੈ ਜਿਥੇ ਸ਼ੇਖ ਅਹਿਮਦ ਸਰਹੰਦੀ ਵੀ ਰਹਿੰਦਾ ਰਿਹਾ ਹੈ ਪਰ ਕਿਸੇ ਨੂੰ ਵੀ ਇਹ ਪਤਾ ਨਹੀ ਸੀ ਕਿ ਸ਼ੇਖ ਅਹਿਮਦ ਸਰਹੰਦੀ ਕੋਣ ਹੈ? ਤੇ ਨਾ ਹੀ ਹੁਣ ਪਾਤਾ ਹੈ ਕਿ ਇਸ ਨੇ ਵੀ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਸ਼ਹੀਦ ਕਰਵਾਉਣ ਵਿੱਚ ਬੜ੍ਹਾ ਉਘਾ ਯੋਗਦਾਨ ਪਾਇਆ ਸੀ। ਇਸ ਗੱਲ ਤੋ ਇਹ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਸਿੱਖਾ ਤੋ ਹੁਣ ਤਨ ਅਤੇ ਧੰਨ ਰਾਹੀ ਜਿੰਨੀ ਮਰਜੀ ਸੇਵਾ ਕਰਵਾ ਲਵੋ ਪਰ ਮਨ (ਦਿਮਾਗ) ਰਾਹੀ ਹੁਣ ਇਹਨਾ ਤੋ ਕੋਈ ਸੇਵਾ ਨਹੀ ਲਈ ਜਾ ਸਕਦੀ।ਸਿੱਖਾ ਨੇ ਅਕਲ (ਉਚੀ ਮਤ) ਦਾ ਇਸਤੇਮਾਲ ਕਰਨਾ ਛੱਡ ਦਿੱਤਾ ਹੈ।ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅੱਜ ਦੇ ਸਿੱਖਾ ਨੂੰ ਗੁਰੂ ਪਾਤਸ਼ਾਹ ਜੀ ਦੇ ਸ਼ਹੀਦੀ ਪੂਰਬ ਜਾ ਪ੍ਰਕਾਸ਼ ਪੁਰਬ ਮਨਾਉਣ ਦਾ ਸਹੀ ਅਤੇ ਸਾਰਥਕ ਤਰੀਕਾ ਹੀ ਵਿਸਰ ਗਿਆ ਹੈ।ਅੱਜ ਗੁਰੂ ਅਰਜਨ ਪਾਤਸਾਹ ਜੀ ਦਾ ਸ਼ਹੀਦੀ ਪੁਰਬ ਠੰਡੇ ਪਾਣੀ ਦੀਆ ਛਬੀਲਾ ਲਗਾ ਕਿ ਹੀ ਮਨਾ ਲਿਆ ਜਾਦਾ ਹੈ ਇਥੇ ਮੇਰੇ ਕਹਿਣ ਦਾ ਭਾਵ ਇਹ ਨਹੀ ਹੈ ਕਿ ਛਬੀਲ ਨਹੀ ਲੱਗਣੀ ਚਾਹੀਦੀ ਕਿਸੇ ਪਿਆਸੇ ਰਾਹਗੀਰ ਨੂੰ ਤਪਦੀ ਗਰਮੀ ਵਿੱਚ ਠੰਡਾ ਪਾਣੀ ਪਿਲਾ ਦੇਣਾ ਕੋਈ ਮਾੜੀ ਗੱਲ ਨਹੀ ਪਰ ਕਿਸੇ ਨੂੰ ਇਸ ਦਿਨ ਦੀ ਮਹਾਨਤਾ ਤੇ ਇਸ ਲਾਸਾਨੀ ਸ਼ਹਾਦਤ ਬਾਰੇ ਸਹੀ ਜਾਣਕਾਰੀ ਨਾ ਦੇ ਸਕਣਾ ਮਾੜੀ ਗੱਲ ਹੈ।ਸਿੱਖ ਮਿਸ਼ਨਰੀ ਕਾਲਜ ਵੱਲੋ "ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ" ਨਾਮਕ ਬੜੇ ਹੀ ਕਮਾਲ ਦੀ ਪੁਸਤਕ ਛਾਪੀ ਗਈ ਹੈ ਜਿਸ ਵਿੱਚ ਸ਼ਹਾਦਤ ਬਾਰੇ ਬੜੇ ਹੀ ਕਮਾਲ ਦੀ ਜਾਣਕਾਰੀ ਦਿੱਤੀ ਗਈ ਹੈ ਇਹ ਪੁਸਤਕ ਪਹਿਲਾ ਤਿੰਨ ਰੁਪਏ ਦੀ ਸੀ ਤੇ ਹੋ ਸਕਦਾ ਹੈ ਹੁਣ ਵੀਹ ਕੁ ਰੁਪਏ ਦੀ ਹੋ ਗਈ ਹੋਵੇ। ਗੁਰੂ ਅਰਜਨ ਪਾਤਸ਼ਾਹ ਜੀ ਦੇ ਸ਼ਹੀਦੀ ਪੁਰਬ ਨੂੰ ਛਬੀਲਾ ਲਗਾ ਕਿ ਜਾ ਹੋਰ ਤਰੀਕੇ ਮਨਾਉਣ ਵਾਲਿਆ ਨੂੰ ਚਾਹੀਦਾ ਹੈ ਕਿ ਉਹ ਇਹ ਪੁਸਤਕ ਵੱਧ ਤੋ ਵੱਧ ਸੰਗਤਾ ਤੱਕ ਪਹੁੰਚਾਉਣ ਦਾ ਉਦਮ ਜਰੂਰ ਕਰਨ।ਤੇ ਸਿੱਖਾ ਦਾ ਵੀ ਫਰਜ ਬਣਦਾ ਹੈ ਕਿ ਉਹ ਗੁਰੂ ਪਾਤਸ਼ਾਹ ਜੀ ਦੀ ਸ਼ਹੀਦੀ ਬਾਰੇ ਸਹੀ ਜਾਣਕਾਰੀ ਹਾਸਲ ਕਰਨ ਲਈ ਇਹ ਪੁਸਤਕ ਜਰੂਰ ਪੜ੍ਹਨ।

ਆਉ ਆਪਾ ਹੁਣ ਅਪਣੇ ਅਸਲ ਵਿਸ਼ੇ ਵੱਲ ਪਰਤਦੇ ਹਾਂ ਜੋ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹਾਦਤ ਬਾਰੇ ਹੈ।ਆਪਾ ਇਥੇ ਕੇਵਲ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹਾਦਤ ਦੇ ਕਾਰਨਾ ਬਾਰੇ ਹੀ ਚਰਚਾ ਕਰਾਗੇ।ਉਹ ਕਿਹੜੇ ਕਾਰਨ ਸਨ ਕਿ ਸਮੇ ਦੀ ਹਕੂਮਤ ਨੇ ਗੁਰੂ ਪਾਤਸ਼ਾਂਹ ਜੀ ਨੂੰ ਇਨੇ ਭਿਆਨਕ ਤੇ ਦਰਦਨਾਕ ਤਸ਼ੀਹੇ ਦੇ ਕੇ ਸ਼ਹੀਦ ਕਰ ਦਿੱਤਾ।ਅਸੀ ਸਾਰੇ ਹੀ ਜਾਣਦੇ ਹਾਂ ਤੇ ਇਹ ਅਟੱਲ ਸੱਚਾਈ ਹੈ ਕਿ ਸਿੱਖਾ ਨੇ ਇਤਿਹਾਸ ਬਣਾਇਆ ਜਰੂਰ ਹੈ ਪਰ ਲਿਖਿਆ ਨਹੀ। ਜਿਸ ਕਾਰਨ ਇਸ ਲਾਸਾਨੀ ਸ਼ਹਾਦਤ ਦੇ ਅਸਲ ਕਾਰਨਾ ਦਾ ਵੀ ਬਹੁਤ ਹੀ ਘੱਟ ਸਿੱਖਾ ਨੂੰ ਪਤਾ ਹੈ।ਅਸੀ ਇਸ ਲੇਖ ਵਿੱਚ ਸ਼ਹਾਦਤ ਦੇ ਅਸਲ ਕਾਰਨਾ ਦਾ ਵਿਸ਼ਲੇਸ਼ਣ ਕਰ ਕੇ ਕੁਝ ਤੱਤ-ਕਾਲੀ ਵਾਕਿਆਤ ਨੂੰ ਭੀ ਬਿਆਨਣ ਦਾ ਯਤਨ ਕਰਾਗੇ ਤਾ ਕਿ ਇਕ ਤਾ ਸ਼ਹਾਦਤ ਦਾ ਅਸਲ ਕਾਰਨ ਸਾਡੀਆ ਅੱਖਾ ਅਗੋ ਉਹਲੇ ਨਾ ਹੋਵੇ ਤੇ ਦੂਜਾ ਜਿਸ ਜਿਸ ਵਿਅਕਤੀ ਫਿਰਕੇ ਜਾਤ ਜਾਂ ਜਥੇਬੰਦੀ ਨੇ ਸ਼ਹਾਦਤ ਦੀ ਮਹਾਨ ਘਟਨਾ ਵਿੱਚ ਸਿਧੇ ਜਾ ਅਸਿਧੇ ਹਿੱਸਾ ਪਾਇਆ

ਉਸ ਦਾ ਭੀ ਸਹੀ ਢੰਗ ਨਾਲ ਸਾਨੂੰ ਪੂਰਨ ਗਿਆਨ ਹੋ ਜਾਵੇ

ਜਹਾਂਗੀਰ ਅਕਬਰ ਬਾਦਸ਼ਾਹ ਦਾ ਪੁੱਤਰ ਤੇ ਉਸ ਸਮੇ ਦਾ ਹਾਕਮ ਸੀ। ਉਸ ਨੇ ਅਪਣੇ ਕੁੱਝ ਅਹਿਲਕਾਰਾ ਦੀ ਚੱਕ ਵਿੱਚ ਆ ਕੇ 20 ਮਈ 1606 ਨੂੰ ਗੁਰੂ ਪਾਤਸ਼ਾਹ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਸੁਣਾ ਦਿੱਤਾ। 22 ਮਈ ਨੂੰ ਗੁਰੂ ਪਾਤਸ਼ਾਹ ਜੀ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰ ਕੇ ਲਾਹੌਰ ਲਿਜਾਇਆ ਗਿਆ। ਆਪ ਨੂੰ ਕਈ ਦਿਨਾ ਤਕ ਅਨੇਕ ਪ੍ਰਕਾਰ ਦੇ ਤਸੀਹੇ ਦਿੱਤੇ ਜਾਦੇ ਰਹੇ ਜਿਸ ਵਿੱਚ ਉਹਨਾ ਦੇ ਸਿਰ ਵਿੱਚ ਗਰਮ ਰੇਤ ਦੇ ਕੜਛੇ ਪਾਏ ਗਏ,ਤੱਤੀ ਤਵੀ ਉਪਰ ਗੁਰੂ ਸਾਹਿਬ ਜੀ ਨੂੰ ਬਠਾਇਆ ਗਿਆ ਤੇ ਸੇਕ ਲੱਗਣ ਕਾਰਨ ਜਦੋ ਗੁਰੂ ਜੀ ਦੇ ਪੂਰੇ ਸਰੀਰ ਤੇ ਛਾਲੇ ਹੋ ਗਏ ਤਾ ਉਹਨਾ ਨੂੰ ਚੁਕ ਕੇ ਰਾਵੀ ਦਰਿਆ ਵਿੱਵ ਸੁਟ ਦਿੱਤਾ ਗਿਆ। ਤੇ ਗੁਰੂ ਜੀ ਜੋਤੀ ਜੋਤ ਸਮਾਂ ਗਏ। ਹੁਣ ਸੋਚਣਾ ਇਹ ਬਣਦਾ ਹੈ ਕਿ ਜਹਾਂਗੀਰ ਅਪਣੇ ਜੀਵਨ ਕਾਲ ਵਿੱਚ ਗੁਰੂ ਸਾਹਿਬ ਜੀ ਨੂੰ ਇੱਕ ਵਾਰ ਵੀ ਨਹੀ ਮਿਲਿਆ ਸੀ ਫਿਰ ਉਸ ਨੇ ਗੁਰੂ ਜੀ ਪ੍ਰਤੀ ਏਨੀ ਨ੍ਰਿਦਇਅਤਾ ਕਿਉ ਵਿਖਾਈ,ਕਿਉ ਉਸ ਨੇ ਗੁਰੂ ਸਾਹਿਬ ਜੀ ਨੂੰ ਏਨੇ ਭਿਆਨਕ ਤਸੀਹੇ ਦਿੱਤੇ। ਇਤਿਹਾਸ ਨੂੰ ਪੜ੍ਹਨ ਅਤੇ ਖੋਜ ਕਰਨ ਤੇ ਪਤਾ ਲੱਗਦਾ ਹੈ ਇਸ ਸ਼ਹਾਦਤ ਦੇ ਪਿੱਛੇ ਕਈ ਕੱਟੜਪੰਥੀਆ ਦਾ ਹੱਥ ਸੀ ਜਿਸ ਵਿੱਚ ਮੁੱਖੀ ਸੀ ਸ਼ੇਖ ਅਹਿਮਦ ਸਰਹੰਦੀ।

ਸ਼ੇਖ ਅਹਿਮਦ ਸਰਹੰਦੀ :- ਇਹ ਕਾਫੀ ਸਮੇਂ ਤੋ ਇਸ ਗੱਲੋ ਔਖਾ ਸੀ ਕਿ ਸਿੱਖ ਮੱਤ ਦਿਨ ਬਦਿਨ ਤੇਜੀ ਨਾਲ ਵੱਧ ਰਿਹਾ ਸੀ ਸਿੱਖ ਮੱਤ ਦੇ ਅਸੂਲ ਬੜ੍ਹੇ ਹੀ ਸਿੱਧੇ ਸਾਦੇ ਤੇ ਸਪਸ਼ਟ ਸਨ। ਬੜੀ ਭਾਰੀ ਗਿਣਤੀ ਵਿੱਚ ਹਿੰਦੂ ਹੀ ਨਹੀ ਮੁਸਲਮਾਨ ਵੀ ਸਿੱਖ ਮੱਤ ਧਾਰਨ ਕਰਦੇ ਜਾ ਰਹੇ ਸਨ। ਸਖੀ ਸਰਵਰ ਦੀ ਗੱਦੀ ਦੇ ਮੁਸਲਮਾਨੀ ਪ੍ਰਚਾਰ ਨੂੰ ਸਿੱਖੀ ਦੇ ਤਰਨ-ਤਾਰਨ ਵਾਲੇ ਕੇਦਰ ਨੇ ਲਗੜਾ ਜਿਹਾ ਕਰ ਛੱਡਿਆ ਸੀ। ਅਕਬਰ ਵੀ ਸਿੱਖ ਮੱਤ ਦੇ ਉਚੇ ਤੇ ਪਾਏਦਾਰ ਅਸੂਲਾ ਤੋ ਬੜ੍ਹਾ ਹੀ ਪ੍ਰਭਾਵਤ ਹੋਇਆ ਸੀ। 17 ਅਕਤੂਬਰ 1605 ਨੂੰ ਆਗਰੇ ਵਿੱਚ ਅਕਬਰ ਦੀ ਮੌਤ ਹੋ ਗਈ। ਉਸ ਦੀ ਮੌਤ ਤੋ ਬਾਅਦ ਰਾਜ ਸੱਤਾ ਜਹਾਂਗੀਰ ਦੇ ਹੱਥ ਵਿੱਚ ਆ ਗਈ। ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਨੂੰ ਤਖਤ ਉਪਰ ਬਠਾਉਣ ਲਈ ਪੂਰੀ ਮਦਦ ਕੀਤੀ। ਸ਼ੇਖ ਸਰਹੰਦੀ ਹਰ ਹਾਲਤ ਵਿੱਚ ਬਾਦਸ਼ਾਹੀ ਤਾਕਤ ਨੂੰ ਇਸਲਾਮ ਦੇ ਪ੍ਰਚਾਰ ਪ੍ਰਸਾਰ ਤੇ ਵਾਧੇ ਲਈ ਅਤੇ ਕਾਫਰਾ ਦੇ ਸਰਬਨਾਸ਼ ਲਈ ਵਰਤਨ ਤੇ ਤੁਲਿਆ ਹੋਇਆ ਸੀ। ਉਹ ਜਹਾਂਗੀਰ ਨੂੰ ਸ਼ੇਖ ਫਰੀਦ ਬੁਖਾਰੀ ਅਤੇ ਅਪਣੇ ਹੋਰ ਅਨੇਕਾ ਸ਼ਰਧਾਲੂ ਦਰਬਾਰੀਆ ਦੀ ਮਦਦ ਨਾਲ ਬਾਦਸ਼ਾਹ ਬਣਾਉਣ ਵਿੱਚ ਕਾਮਯਾਬ ਹੋ ਗਿਆ ਤੇ ਜਹਾਂਗੀਰ ਨੂੰ ਉਸ ਨੇ "ਇਸਲਾਮ ਦੇ ਬਾਦਸ਼ਾਹ" ਦੇ ਨਾਮ ਨਾਲ ਸੰਬੋਧਿਤ ਕੀਤਾ। ਉਸ ਨੇ "ਮਕਤੂਬਾਤਿ-ਇਮਾਮਿ-ਰਬਾਨੀ" ਦੀ ਚਿੱਠੀ ਨੰ 47 ਵਿੱਚ ਲਿਖਿਆ ਹੈ ਕਿ ਇਸਲਾਮ ਦੀ ਸਰਬ-ਉਤਮਤਾ ਨੂੰ ਨਾ ਮੰਨਣ ਵਾਲੇ ਅਕਬਰ ਬਾਦਸ਼ਾਹ ਦੀ ਮੌਤ ਦੀ ਖਬਰ ਅਤੇ ਇਸਲਾਮ ਦੇ ਬਾਦਸ਼ਾਹ ਜਹਾਂਗੀਰ ਦੇ ਤਖਤ ਉਤੇ ਬੈਠਣ ਦੀ ਖਬਰ ਅੱਜ ਸਾਰੇ ਮੁਸਲਮਾਨਾ ਨੇ ਬੜ੍ਹੇ ਹੀ ਚਾਅ ਦੇ ਨਾਲ ਸੁਣੀ ਹੈ। ਸ਼ੇਖ ਫਰੀਦ ਬੁਖਾਰੀ ਨੇ ਕੱਟੜ ਮੁਸਲਮਾਨਾ ਤੇ ਦਰਬਾਰੀਆ ਦੀ ਮਦਦ ਨਾਲ ਜਹਾਂਗੀਰ ਨੂੰ ਨਾ ਕੇਵਲ ਤਖਤ ਹੀ ਹਾਸਲ ਕਰਵਾਇਆ ਬਲਕੇ ਉਸ ਨੂੰ ਪੱਕੇ ਪੈਰੀ ਖੜ੍ਹਾ ਵੀ ਕੀਤਾ। ਇਹ ਸਾਰੀ ਮਦਦ ਸ਼ੇਖ ਅਹਿਮਦ ਸਰਹੰਦੀ ਦੀਆ ਹਦਾਇਤਾ ਮੁਤਾਬਿਕ ਕੀਤੀ ਜਾ ਰਹੀ ਸੀ। (ਹਵਾਲਾ ਪੁਸਤਕ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ) ਇਸ ਤਰੀਕੇ ਨਾਲ ਸ਼ੇਖ ਅਹਿਮਦ ਸਰਹੰਦੀ ਜਹਾਂਗੀਰ ਦੇ ਦਰਬਾਰ ਵਿੱਚ ਅਪਣੀ ਚੰਗੀ ਖਾਸੀ ਪਹੁੰਚ ਬਣਾ ਚੁੱਕਾ ਸੀ। ਦੁਸਰੇ ਪਾਸੇ ਉਹ ਗੁਰੂ ਅਰਜਨ ਪਾਤਸ਼ਾਹ ਜੀ ਦੀਆ ਵੱਧ ਰਹੀਆ ਸਰਗਰਮੀਆ ਤੋ ਵੀ ਕਾਫੀ ਦੁੱਖੀ ਸੀ ਪਰ ਕਰ ਉਹ ਕੁੱਝ ਵੀ ਨਹੀ ਸਕਦਾ ਸੀ। ਇਸੇ ਦੌਰਾਨ ਜਹਾਂਗੀਰ ਦੇ ਪੁੱਤਰ ਖੁਸਰੋ ਨੇ ਰਾਜ ਸੱਤਾ ਹਾਸਲ ਕਰਨ ਲਈ ਬਗਾਵਤ ਕਰ ਦਿੱਤੀ। 6 ਅਪ੍ਰੈਲ 1606 ਨੂੰ ਖੁਸਰੋ ਆਗਰੇ ਦੇ ਕਿਲੇ ਵਿੱਚੋ ਇਸ ਆਸ ਨਾਲ ਭੱਜ ਨਿਕਲਿਆ ਕਿ ਉਹ ਪੰਜਾਬ ਅਤੇ ਉਤਰ ਪੱਛਮ ਦੇ ਇਲਾਕਿਆ ਵਿੱਚੋ ਅਪਣੇ ਸਾਰੇ ਹੀ ਹਮਾਇਤੀਆ ਨੂੰ ਨਾਲ ਲੈ ਕੇ ਭਾਰੀ ਬਗਾਵਤ ਕਰ ਦੇਵੇਗਾ ਤੇ ਰਾਜ ਸੱਤਾ ਹਾਸਲ ਕਰ ਲਵੇਗਾ ਪਰ ਇਸ ਤਰਾ ਕੁੱਝ ਵੀ ਨਾਂ ਵਾਪਰਿਆ। ਦਰਿਆ ਚਨਾਬ ਪਾਰ ਕਰਨ ਸਮੇਂ ਖੁਸਰੋ 27 ਅਪ੍ਰੈਲ 1606 ਨੂੰ ਅਪਣੇ ਸਾਥੀਆ ਸਮੇਤ ਫੜਿਆ ਗਿਆ। ਜਹਾਂਗੀਰ ਲਾਹੌਰ ਆ ਕੇ ਸਭ ਤੋ ਪਹਿਲਾਂ ਖੁਸਰੋ ਦੀ ਮਦਦ ਕਰਨ ਵਾਲੇ ਉਸਦੇ ਸਾਥੀਆ ਨੂੰ ਖੌਫਨਾਕ ਸਜਾਵਾ ਦੇ ਕੇ ਮਾਰ ਦੇਣਾ ਚਾਹੁੰਦਾ ਸੀ ਤੇ ਉਸ ਨੇ ਕੀਤਾ ਵੀ ਇਸੇ ਤਰਾਂ ਉਸ ਨੇ ਖੁਸਰੋ ਦੀ ਮਦਦ ਕਰਨ ਵਾਲੇ ਹੁਸੈਨ ਬੇਗ ਅਤੇ ਅਬਦੁਲ ਰਹਿਮਾਨ ਨੂੰ ਖੋਤੇ ਅਤੇ ਗਾਂ ਦੀ ਖੱਲ ਵਿੱਚ ਮੜ੍ਹ ਕੇ ਖਤਮ ਕਰਵਾ ਦਿੱਤਾ। ਕਈ ਹਮਾਇਤੀਆ ਨੂੰ ਭਿਆਨਕ ਤਸੀਹੇ ਦੇ ਕੇ ਮਾਰ ਦਿੱਤਾ ਗਿਆ ਅਤੇ ਉਹਨਾ ਦੀਆ

ਦੀਆ ਦੇਹਾ ਨੂੰ ਸ਼ਹਿਰ ਦੇ ਮੁਖ ਦਰਵਾਜੇ ਤੇ ਟੰਗ ਦਿੱਤਾ ਗਿਆ। ਮੌਕੇ ਦਾ ਫਾਇਦਾ ਉਠਾਉਦੇ ਹੋਏ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਆਦਿਕਾ ਦੀ ਚੰਡਾਲ ਚੌਕੜੀ ਨੇ 23 ਮਈ 1606 ਨੂੰ ਜਹਾਂਗੀਰ ਪਾਸ ਇੱਕ ਝੂਠੀ ਸ਼ਿਕਾਇਤ ਦਰਜ ਕਰਵਾ ਦਿੱਤੀ ਕਿ ਗੋਇੰਦਵਾਲ ਵਿੱਖੇ ਭੱਜੇ ਆਉਦੇ ਖੁਸਰੋ ਨੂੰ ਗੁਰੂ ਅਰਜਨ ਪਾਤਸਾਹ ਜੀ ਨੇ ਸ਼ਰਣ ਦਿੱਤੀ ਤਾਕਿ ਉਹ ਜਹਾਂਗੀਰ ਦਾ ਟਾਕਰਾ ਕਰ ਸਕੇ। ਉਸ ਨੂੰ ਤਖਤ ਹਾਸਲ ਕਰਨ ਲਈ ਗੁਰੂ ਜੀ ਨੇ ਅਸ਼ੀਰਵਾਦ ਦਿੱਤਾ ਅਤੇ ਉਸ ਦੇ ਮੱਥੇ ਤੇ ਕੇਸਰ ਦਾ ਤਿਲਕ ਵੀ ਲਗਾਇਆ। ਇਹ ਫਰਜੀ ਕਹਾਣੀ ਕੇਵਲ ਇਸ ਲਈ ਘੜੀ ਗਈ ਤਾ ਕਿ ਜਹਾਂਗੀਰ ਦੇ ਗੁਸੇ ਨੂੰ ਭੜਕਾਇਆ ਜਾ ਸਕੇ ਅਤੇ ਖੁਸਰੋ ਦੇ ਦੂਸਰੇ ਮਦਦਗਾਰਾ ਦੀ ਤਰਾ ਗੁਰੂ ਜੀ ਨੂੰ ਵੀ ਸ਼ਹੀਦ ਕਰ ਦਿੱਤਾ ਜਾਵੇ ਤੇ ਅਸਲ ਵਿੱਚ ਹੋਇਆ ਵੀ ਇਸੇ ਤਰਾ ਹੀ ।ਜਹਾਂਗੀਰ ਇਹਨਾ ਕੱਟੜਪੰਥੀਆ ਦੇ ਜਾਲ ਵਿੱਚ ਅਰਾਮ ਨਾਲ ਫਸ ਗਿਆ ਤੇ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਚਾੜ੍ਹ ਦਿੱਤਾ।ਜਦੋ ਕਿ ਸਚਾਈ ਇਹ ਹੈ ਕਿ 23 ਮਈ 1606 ਤੋ 27 ਦਿਨ ਪਹਿਲਾ ਖੁਸਰੋ ਦਾ ਪਿਛਾ ਕਰਦਿਆ ਖੁਦ ਜਹਾਂਗੀਰ ਗੋਇੰਦਵਾਲ ਵਿੱਚੋ ਦੀ ਨਿਕਲਿਆ ਸੀ ਤੇ ਉਸ ਨੂੰ ਗੋਇੰਦਵਾਲ ਵਿੱਖੇ ਕੋਈ ਵੀ ਅਜਿਹੀ ਖਬਰ ਨਹੀ ਮਿਲੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੇ ਪੁੱਤਰ ਖੁਸਰੋ ਦੀ ਮਦਦ ਕੀਤੀ ਹੋਵੇ। ਅਸਲ ਵਿੱਚ ਸੱਚਾਈ ਤਾ ਇਹ ਹੈ ਕਿ ਗੁਰੂ ਪਾਤਸ਼ਾਹ ਜੀ ਉਸ ਸਮੇ ਗੋਇੰਦਵਾਲ ਵਿੱਚ ਹੈ ਹੀ ਨਹੀ ਸਨ। ਗੁਰੂ ਜੀ ਉਸ ਸਮੇਂ ਤਰਨ ਤਾਰਨ ਵਿੱਖੇ ਸਨ ਉਪਰੋਕਤ ਸ਼ਾਹੀ ਹੁਕਮ ਮੁਤਾਬਕ ਗੁਰੂ ਜੀ ਨੂੰ ਲਾਹੋਰ ਸੱਦਿਆ ਗਿਆ ਅਤੇ ਗ੍ਰਿਫਤਾਰ ਕਰ ਕੇ ਪਹਿਲਾ ਹੀ ਗਿਣੀ ਮਿਥੀ ਸਾਕਸ਼ ਦੇ ਅਨੁਸਾਰ ਕਈ ਅਸਹਿ ਤੇ ਦਿੱਲ ਕਬਾਊ ਤਸੀਹੇ ਦਿੱਤੇ ਗਏ ਗੁਰੂ ਜੀ ਨੂੰ ਭੁੱਖਾ ਤੇ ਪਿਆਸਾ ਰੱਖਿਆ ਗਿਆ ਦੇਗ ਵਿੱਚ ਉਬਾਲਿਆ ਗਿਆ,ਤੱਤੀ ਤਵੀ ਤੇ ਬਿਠਾਇਆ ਗਿਆ,ਸੜਦੀ ਬਲਦੀ ਰੇਤ ਸਰੀਰ ਉਪਰ ਪਾ ਕਿ ਸਰੀਰ ਛਾਲੇ-ਛਾਲੇ ਕਰ ਦਿੱਤਾ ਗਿਆ ਚਾਰ ਦਿਨ ਇਹੋ ਜਿਹੇ ਤਸੀਹੇ ਦੇਣ ਉਪਰੰਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਦੀ ਨੀਅਤ ਨਾਲ ਛਾਲਿਆ ਨਾਲ ਫਿਸੇ ਸਾਰੇ ਸਰੀਰ ਨੂੰ ਰਾਵੀ ਦਰਿਆ ਦੇ ਠੰਡੇ ਜਲ ਵਿੱਚ ਡੁਬੋ ਕਿ ਸਤਿਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੋ ਅਸੀ ਕਹਿ ਸਕਦੇ ਹਾ ਕਿ ਗੁਰੂ ਪਾਤਸ਼ਾਹ ਜੀ ਨੂੰ ਸ਼ਹੀਦ ਕਰਵਾਉਣ ਵਿੱਚ ਸ਼ੇਖ ਅਹਿਮਦ ਸਰਹੰਦੀ ਦਾ ਕਾਫੀ ਯੋਗਦਾਨ ਸੀ (ਹਵਾਲਾ ਪੁਸਤਕ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ) ਚੰਦੂ ਸ਼ਾਹ:- ਪ੍ਰੋ:ਸਾਹਿਬ ਸਿੰਘ ਜੀ ਅਨੁਸਾਰ ਚੰਦੂ ਗੁਰਦਾਸਪੁਰ ਦੇ ਪਿੰਡ ਰੁਹੇਲੇ ਦਾ ਰਹਿਣ ਵਾਲਾ ਖਤਰੀ ਸੀ। ਇਸ ਨੇ ਅਪਣੀ ਧੀ ਸਦਾ ਕੌਰ ਲਈ ਰਿਸ਼ਤਾ ਵੇਖਣ ਲਈ ਬ੍ਰਾਹਮਣ ਭੇਜੇ। ਇਹ ਬ੍ਰਾਹਮਣ ਅੰਮ੍ਰਿਤਸਰ ਸਾਹਿਬ ਵਿੱਖੇ ਗੁਰੂ ਅਰਜਨ ਪਾਤਸ਼ਾਹ ਜੀ ਦੇ ਸਾਹਿਬਜਾਦੇ ਹਰਗੋਬਿੰਦ ਜੀ ਨੂੰ ਪਸੰਦ ਕਰ ਕੇ ਚਲੇ ਗਏ। ਚੰਦੂ ਸ਼ਾਹ ਨੂੰ ਜ ਦਇਸ ਰਿਸਤੇ ਦਾ ਪਤਾ ਚੱਲਾ ਤਾਂ ਉਸ ਨੇ ਹੰਕਾਰ ਵਿੱਚ ਅਪਣੇ ਆਪ ਨੂੰ ਬਹੁਤ ਉਚਾ ਚੁਬਾਰੇ ਵਰਗਾ ਤੇ ਗੁਰੂ ਸਾਹਿਬ ਦੇ ਘਰ ਨੂੰ ਬਹੁਤ ਨੀਵਾ ਮੋਰੀ ਦੀ ਇੱਟ ਵਰਗਾ ਦੱਸਿਆ ਪਰ ਅੰਦਰੋ ਅੰਦਰ ਉਹ ਇਸ ਰਿਸ਼ਤੇ ਲਈ ਪੂਰੀ ਤਰਾ ਰਜਾਮੰਦ ਸੀ। ਅਚਾਨਕ ਸਿੱਖ ਸੰਗਤਾ ਨੂੰ ਜਦੋ ਚੰਦੂ ਸ਼ਾਹ ਦੀ ਇਸ ਹੰਕਾਰੀ ਅਤੇ ਨੀਚ ਬਿਰਤੀ ਦਾ ਪਤਾ ਲੱਗਾ ਤਾ ਉਹਨਾ ਨੇ ਇਹ ਰਿਸ਼ਤਾ ਨਾ ਲੇਣ ਲਈ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਜੀ ਨੇ ਪੂਰੀ ਘੋਖ ਪੜਤਾਲ ਕਰਨ ਤੋ ਬਾਅਦ ਬੇ ਖੋਫ ਇਸ ਰਿਸ਼ਤੇ ਨੂੰ ਨਾ ਮਨਜੂਰ ਕਰ ਦਿੱਤਾ। ਇਸ ਤੇ ਚੰਦੂ ਸ਼ਾਹ ਗੁਰੂ ਘਰ ਦਾ ਦੁਸ਼ਮਣ ਬਣ ਗਿਆ ਉਸ ਦੇ ਮਨ ਵਿੱਚ ਗੁਰੂ ਘਰ ਲਈ ਕੀਰਨੇ,ਸਾੜੇ ਤੇ ਈਰਖਾ ਦੇ ਭਾਬੜ ਬਲਣ ਲੱਗ ਪਏ। ਸਰਕਾਰੀ ਮੁਲਾਜਮ ਹੋਣ ਕਰ ਕੇ ਉਸ ਨੇ ਹਰ ਕਿਸੇ ਦੇ ਗੁਰੂ ਜੀ ਦੇ ਖਿਲਾਫ ਕੰਨ ਭਰਨੇ ਸ਼ੁਰੂ ਕਰ ਦਿੱਤੇ। ਚੰਦੂ ਨੇ ਰਾਜ ਦਰਬਾਰੀਆ ਅਤੇ ਅਮੀਰ ਵਜੀਰਾਂ ਤਕ ਗੁਰੂ ਜੀ ਵਿਰੁਧ ਚੁਗਲੀਆ ਕੀਤੀਆ। ਜਿਸ ਦਾ ਸਿੱਟਾ ਅੱਗੇ ਜਾ ਕਿ ਇਹ ਨਿਕਲਿਆ ਕਿ ਜਹਾਂਗੀਰ ਦੇ ਮਨ ਵਿੱਚ ਗੁਰੂ ਸਾਹਿਬ ਜੀ ਪ੍ਰਤੀ ਕਈ ਅਫਵਾਹਾ ਤੇ ਝੂਠੀਆਂ ਸ਼ਿਕਾਇਤਾ ਭਰ ਦਿੱਤੀਆ ਗਈਆ ਜਿਸ ਕਾਰਨ ਜਹਾਂਗੀਰ ਨੇ ਗੁਰੂ ਪਾਤਸ਼ਾਹ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ

ਮਹੇਸ਼ ਦਾਸ ਉਰਫ ਬੀਰਬਲ:-ਇਹ ਇੱਕ ਬਹੁੱਤ ਹੀ ਚਲਾਕ ਅਤੇ ਹਾਜਰ ਜਵਾਬ ਬ੍ਰਾਹਮਣ ਸੀ। ਇਸ ਦੀ ਇੱਕ ਭਤੀਜੀ ਹਿੰਦੂ ਜਾਤ ਅਭਿਮਾਨੀਆ ਦੀ ਨੱਕ ਕਟਵਾ ਕਿ ਅਕਬਰ ਨੂੰ ਵਿਆਹੀ ਹੋਈ ਸੀ। ਜਿਸ ਕਾਰਨ ਇਸ ਦੀ ਸਰਕਾਰੇ ਦਰਬਾਰੇ ਥੋੜੀ ਬਹੁਤ ਪਹੁੰਚ ਸੀ । ਇਹ ਵੀ ਸਿੱਖੀ ਦੇ ਵੱਧ ਰਹੇ ਪ੍ਰਚਾਰ ਤੇ ਪ੍ਰਸਾਰ ਤੋ ਕਾਫੀ ਦੁੱਖੀ ਸੀ ਕਿਉਕਿ ਇਹ ਖੁਦ ਖਾਲਸ ਤੇ ਸ਼ੁਧ ਬ੍ਰਾਹਮਣ ਸੀ ਭਾਵੇ ਕਿ ਇਸ ਦੀ ਮੋਤ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹਾਦਤ

ਤੇ ਪਹਿਲਾ ਹੋ ਚੁੱਕੀ ਸੀ। ਪਰ ਗੁਰੂ ਘਰ ਪ੍ਰਤੀ ਜਹਿਰ ਉਗਲਣ ਦਾ ਇੱਕ ਵੀ ਮੌਕਾ ਇਸ ਨੇ ਅਪਣੇ ਹੱਥੋ ਨਹੀ ਜਾਣ ਦਿੱਤਾ ਜੋ ਅੱਗੇ ਜਾ ਕਿ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ। ਕਾਹਨਾ,ਪੀਲੋ ,ਛਜੂ ਤੇ ਸ਼ਾਹ ਹੁਸੇਨ :- ਬਾਣੀ ਦਾ ਸੰਗ੍ਰਹਿ ਤਿਆਰ ਹੋਣ ਸਮੇਂ ਕਾਹਨਾ,ਪੀਲੋ,ਛਜੂ ਤੇ ਸ਼ਾਹ ਹੁਸੇਨ ਆਦਿਕ ਕਵੀਆ ਦੇ ਗੁਰੂ ਦਰਬਾਰ ਵਿੱਚ ਸ਼ਾਮਲ ਹੋਣ ਦੇ ਹਵਾਲੇ ਮਿਲਦੇ ਹਨ। ਉਹ ਇਸ ਖਵਾਹਿਸ਼ ਨਾਲ ਗੁਰੂ ਸਾਹਿਬ ਪਾਸ ਹਾਜਰ ਹੋਏ ਸਨ ਕਿ ਅਪਣੀਆ ਕਵਿਤਾਵਾ ਨੂੰ ਬਾਣੀ ਸੰਗ੍ਰਹਿ ਵਿੱਚ ਸ਼ਾਮਲ ਕਰਵਾ ਲੇਣਗੇ ਪਰ ਇਸ ਤਰਾ ਨਾ ਹੋਇਆ ਇਹਨਾ ਦੀਆ ਰਚਨਾਵਾ ਘਟੀਆ ਕਿਸਮ ਦੀ ਤੁਕ-ਬੰਦੀ ਤੋਂ ਵੱਧ ਕੁੱਝ ਵੀ ਨਹੀ ਸਨ। ਕਾਹਨੇ ਨੇ ਤਾਂ ਚੰਦੂ ਸ਼ਾਹ ਨਾਲ ਅਪਣੀ ਰਿਸਤੇਦਾਰੀ ਦੇ ਹੰਕਾਰ ਵਿੱਚ ਗੁਰੂ ਸਾਹਿਬ ਜੀ ਨੂੰ ਬੋਲ-ਕਬੋਲ ਵੀ ਬੋਲੇ। ਈਰਖਾ ਤੇ ਸਾੜੇ ਕਾਰਨ ਇਹਨਾ ਨੇ ਅਪਣੀ ਅਪਣੀ ਪਹੁੰਚ ਮੁਤਾਬਿਕ ਗੁਰੂ ਸਾਹਿਬ ਜੀ ਦਾ ਵੀਰੋਧ ਕੀਤਾ ਜੋ ਗੁਰੂ ਜੀ ਦੀ ਸ਼ਹਾਦਤ ਦਾ ਕਾਰਨ ਬਣਿਆ।

ਸਖੀ ਸਰਵਰੀਏ:- ਗੁਰੂ ਸਾਹਿਬ ਜੀ ਦੇ ਪ੍ਰਚਾਰ ਨਾਲ ਸਖੀ ਸਰਵਰੀਆ ਨੂੰ ਵੀ ਭਾਰੀ ਠੇਸ ਪੁੱਜੀ ਸੀ 1590 ਵਿੱਚ ਤਰਨ ਤਾਰਨ ਵਿੱਖੇ ਸਿੱਖੀ ਦਾ ਕੇਦਰ ਸਥਾਪਤ ਹੋ ਜਾਣ ਨਾਲ ਤਾ ਇਹਨਾ ਦੇ ਮਤ ਨੂੰ ਭਾਰੀ ਨੁਕਸਾਨ ਹੋਇਆ। ਅਨੇਕਾ ਲੋਕ ਸਖੀ ਸਰਵਰ ਦੇ ਮੱਤ ਨੂੰ ਤਿਆਗ ਕੇ ਸਿੱਖ ਸਜ ਗਏ ਸਨ। ਹਸ਼ਿਆਰਪੁਰ ਜਿਲ੍ਹੇ ਦਾ ਭਾਈ ਮੰਝ ਅਤੇ ਮਾਲਣੇ ਦਾ ਭਾਈ ਬਹਿਲੋ ਸਰਵਰੀਆ ਦਾ ਮੱਤ ਤਿਆਗ ਕੇ ਹੀ ਗੁਰੂ ਜੀ ਦੇ ਸਿੱਖ ਬਣੇ ਸਨ ਜਿਸ ਕਾਰਨ ਇਹ ਹਮੇਸ਼ਾ ਹੀ ਹੋਰਨਾ ਹਮਾਇਤੀਆ ਦੇ ਰਾਹੀ ਗੁਰੂ ਸਾਹਿਬ ਜੀ ਨੂੰ ਹਮੇਸ਼ਾ ਹੀ ਨੁਕਸਾਨ ਪਹੁੰਚਾਉਣ ਦੀ ਤਾਘ ਵਿੱਚ ਰਹਿੰਦੇ ਸਨ ਪ੍ਰਿਥੀ ਚੰਦ:- ਇਹ ਗੁਰੂ ਅਰਜਨ ਪਾਤਸ਼ਾਹ ਜੀ ਦਾ ਵੱਡਾ ਭਰਾ ਸੀ ਸੁਭਾਵਕ ਤੋਰ ਤੇ ਇਹ ਬਹੁਤ ਚਲਾਕ ਅਤੇ ਸਿਆਣਾ ਸੀ। ਗੁਰ ਗੱਦੀ ਦੇ ਪ੍ਰਬੰਧਕੀ ਕੰਮ ਨੂੰ ਸੰਭਾਲਦਿਆ-ਸੰਭਾਲਦਿਆ ਇਸ ਦੇ ਮਨ ਵਿੱਚ ਹੰਕਾਰ ਨੇ ਕਾਫੀ ਵਾਧਾ ਕਰ ਲਿਆ ਸੀ। ਬਿਨਾ ਗੁਣਾ ਦੇ ਹੀ ਇਹ ਅਪਣੇ ਆਪ ਨੂੰ ਗੁਰਗੱਦੀ ਦਾ ਅਗਲਾ ਵਾਰਸ ਸਮਝਣ ਲੱਗ ਲਿਆ ਸੀ ਪਰ ਗੁਰੂ ਰਾਮਦਾਸ ਪਿਤਾ ਜੀ ਨੇ 1581 ਈ ਵਿੱਚ ਗੁਰਗੱਦੀ ਸੰਗਤਾ ਦੀ ਮੋਜੂਦਗੀ ਵਿੱਚ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਸੋਂਪ ਦਿੱਤੀ ਸੀ। ਪ੍ਰਿਥੀ ਚੰਦ ਇਹ ਸਹਾਰ ਨਾ ਸਕਿਆ। ਉਸ ਨੇ ਗੁਰੂ ਜੀ ਦੇ ਵਿਰੋਧ ਵਿੱਚ ਅਪਣੀ ਅਲੱਗ ਗੱਦੀ ਲਗਾ ਲਈ। ਮਹੇਸ਼ ਦਾਸ ਉਰਫ ਬੀਰਬਲ ਨਾਲ ਵੀ ਉਸ ਨੇ ਗੱਠਜੋੜ ਕਰ ਲਿਆ ਸੀ। ਉਸ ਨੇ ਪੂਰੀ ਵਾਹ ਲਾਈ ਕਿ ਗੁਰਗੱਦੀ ਉਸ ਨੂੰ ਮਿਲ ਜਾਵੇ ਪਰ ਇੱਝ ਨਾ ਹੋ ਸਕਿਆ। ਜਿਸ ਕਾਰਨ ਉਹ ਹਮੇਸ਼ਾ ਲਈ ਗੁਰੂ ਅਰਜਨ ਪਾਤਸ਼ਾਹ ਜੀ ਦਾ ਵਿਰੋਧੀ ਬਣ ਗਿਆ।

ਹੋਰ ਕਾਰਨ :-ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਇਸ ਵਿੱਚ ਧਰਮੀ ਕਾਜੀਆ ਮੋਲਾਣਿਆ ਬ੍ਰਾਹਮਣਾ ਦੀ ਅਸਲੀਅਤ ਨੂੰ ਜੱਗ ਜਾਹਰ ਕਰਦਾ ਸੱਚ ਵੀ ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਇੱਕ ਕਾਰਨ ਸੀ। ਜਿੰਨ੍ਹਾ ਦਿਨਾ ਵਿੱਚ ਮੈ ਇਹ ਲੇਖ ਤਿਆਰ ਕਰ ਰਿਹਾ ਸੀ ਉਨ੍ਹਾ ਦਿਨਾ ਵਿੱਚ ਸਹਿਜ ਪਾਠ ਕਰਦੇ ਹੋਏ ਗਉੜੀ ਰਾਗ ਵਿੱਚ ਗੁਰੂ ਅਰਜਨ ਪਾਤਸ਼ਾਹ ਜੀ ਦਾ ਇੱਕ ਸ਼ਬਦ ਸਾਹਮਣੇ ਆਇਆ ਜੋ ਬ੍ਰਾਹਮਣ ਦੇ ਕੱਪੜੇ ਲੀਰੋ ਲੀਰ ਕਰ ਰਿਹਾ ਸੀ ਜੋ ਇਸ ਤਰਾ ਹੈ "ਧੋਤੀ ਖੋਲਿ ਵਿਛਾਵੇ ਹੇਠਿ ॥ ਗਰਧਪ ਵਾਗੂ ਲਾਹੇ ਪੇਟਿ ॥ ਬਿਨੁ ਕਰਤੂਤੀ ਮੁਕਤਿ ਨ ਪਾਈਐ ॥ ਮੁਕਤਿ ਪਦਾਰਥੁ ਨਾਮੁ ਧਿਆਈਐ ॥ ਰਹਾਉ ਪੂਜਾ ਤਿਲਕ ਕਰਤ ਇਸ਼ਨਾਨਾ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥ ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆ ਕੁਹਤ ਨ ਸੰਗੈ ਪਰਾਣੀ ॥ ਕਹੁ ਨਾਨਕ ਜਿਸੁ ਕਿਰਪਾ ਧਾਰੈ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥ ਪਖੰਡੀ ਬ੍ਰਾਹਮਣ ਦੀ ਅਸਲੀਅਤ ਨੂੰ ਜਾਹਰ ਕਰਦਾ ਇਹ ਸ਼ਬਦ ਜਿਸ ਨੇ ਉਚਾਰਨ ਕੀਤਾ ਹੋਵੇ ਬ੍ਰਾਹਮਣ ਨੇ ਤਾ ਉਸ ਦਾ ਵੇਰੀ ਬਣਨਾ ਹੀ ਸੀ। ਸੋ ਗੁਰੂ ਸਾਹਿਬ ਜੀ ਦਾ ਪ੍ਰਚਾਰ ਅਤੇ ਪ੍ਰਸਾਰ ਵੀ ਉਹਨਾ ਦੀ ਸ਼ਹਾਦਤ ਦਾ ਇੱਕ ਕਾਰਨ ਸੀ।

ਅੰਤਮ ਬੇਨਤੀ :- ਅਖੀਰ ਵਿੱਚ ਮੈ ਸਾਰੇ ਹੀ ਸਿੱਖ ਵੀਰ ਭੈਣਾ ਨੂੰ ਇਹੀ ਬੇਨਤੀ ਕਰਾਗਾ ਕਿ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹਾਦਤ ਕੋਈ ਆਮ ਘਟਨਾ ਨਹੀ ਸੀ। ਇਹ ਸ਼ਹਾਦਤ ਸਾਨੂੰ ਬਹੁਤ ਕੁੱਝ ਆਖਦੀ ਹੈ। ਸਾਨੂੰ ਅਪਣੇ ਗੁਰੂ ਸਾਹਿਬ ਜੀ ਦੇ ਸ਼ਹੀਦੀ ਪੁਰਬ ਅਤੇ ਪ੍ਰਕਾਸ਼ ਪੁਰਬ ਮਨਾਉਣ ਦੇ ਤਰੀਕੇ ਨੂੰ ਬਦਲਨਾ ਪਵੇਗਾ। ਸਿੱਖ ਵਿਰੋਧੀ ਤਾਕਤਾ ਸਾਨੂੰ ਗੁਰੂ ਸਾਹਿਬ ਜੀ ਦੀ ਬਾਣੀ ਅਤੇ ਗੁਰੂ ਸਾਹਿਬ ਜੀ ਦੇ ਅਸਲ ਇਤਿਹਾਸ ਤੋ ਬਹੁਤ ਦੂਰ ਲਿਜਾ ਰਹੀਆ ਹਨ ਤੇ ਅਸੀ ਇਹ ਫੇਸਲਾ ਕਰਨ ਜੋਗੇ ਵੀ ਨਹੀ ਹਾ ਕਿ ਕੀ ਸਹੀ ਹੈ ਤੇ ਕੀ ਗਲਤ। ਸੋ ਆਉ ਮੇਰੇ ਵੀਰੋ ਭੈਣੋ ਅਪਣੇ ਗੁਰ ਇਤਿਹਾਸ ਅਤੇ ਗੁਰਬਾਣੀ ਨੂੰ ਅਪਣੇ ਜੀਵਨ ਦਾ ਅੰਗ ਬਣਾਈਏ। ਰੋਜਾਨਾ ਇਤਿਹਾਸ ਅਤੇ ਗੁਰਬਾਣੀ ਦੀ ਖੋਜ ਕਰੀਏ।

88475 46903

****

ਇਸਾਈ ਪੁਰੋਹਿਤ ਦੀ ਬੇਮਿਸਾਲ ਕੁਰਬਾਨੀ



ਸੰਪੂਰਨ ਸਿੰਘ

ਕੋਈ ਵਿਰਲਾ ਮਨੁੱਖ ਹੀ ਹੋਵਗਾ, ਜੋ ਮੌਤ ਕੀ ਹੈ, ਇਸ ਬਾਰੇ ਜਾਣਕਾਰੀ ਨਾ ਹਾਸਲ ਕਰਨਾ ਚਾਹੁੰਦਾ ਹੋਵੇ। ਮਰਨ ਲਗਿਆਂ ਇਨਸਾਨ ਤੇ ਕੀ ਬੀਤਦੀ ਹੈ? ਉਸਦੇ ਪ੍ਰਾਣ ਕਿਵੇਂ ਨਿਕਲਦੇ ਹਨ? ਤੇ ਉਦੋਂ ਉਹ ਕੀ ਮਹਿਸੂਸ ਕਰਦਾ ਹੈ? ਮੌਤ ਕੁਦਰਤ ਦਾ ਇੱਕ ਅਜਿਹਾ ਭੇਤ ਹੈ, ਜਿਸ ਨੂੰ ਅਜੇ ਤੱਕ ਕੋਈ ਵੀ ਮਨੁੱਖ ਨਹੀਂ ਜਾਣ ਸਕਿਆ। ਸਾਇੰਸਦਾਨ ਤੇ ਚਿਕਿਤਸਾ ਵਿਗਿਆਨੀ ਵੀ ਕੋਈ ਅਜਿਹੀ ਭਰੋਸੇਯੋਗ ਗੱਲ ਨਹੀਂ ਦੱਸ ਸਕੇ,. ਜਿਸ ਗੱਲ ਉੱਪਰ ਪੂਰਾ ਯਕੀਨ ਕੀਤਾ ਜਾ ਸਕੇ। ਐਸੇ ਮਾਹੌਲ ਵਿੱਚ ਜਦੋਂ ਸਾਡੇ ਪਾਸ, ਇਸ ਬਾਰੇ ਕੁਝ ਵੀ ਜਾਣਕਾਰੀ ਨਹੀਂ ਹੈ, ਤਾਂ ਇਥੇ ਆਪਣੇ ਪਾਠਕਾਂ ਅੱਗੇ ਮੈਂ ਇੱਕ ਅਜਿਹੀ ਗੱਲਬਾਤ ਦੱਸਣ ਦੀ ਇਜਾਜਤ ਮੰਗਦਾ ਹਾਂ, ਜੋ ਆਦਿਵਾਸੀ ਕਬੀਲੇ ਦੀ ਇੱਕ ਔਰਤ ਨੇ ਆਪਣੇ ਇੱਕਲੌਤੇ ਪੁੱਤਰ "ਰੋਹਾਂਡ" ਦੇ ਮਰਨ ਤੇ ਉਸ ਪਾਦਰੀ ਨਾਲ ਕੀਤੀ, ਜੋ ਉਸ ਔਰਤ ਦੇ ਪੁੱਤਰ ਦੀ ਦੁੱਖਦਾਈ ਮੌਤ ਦਾ ਤਿਨਕਾਮਾਤਰ ਹੀ ਜਿੰਮੇਵਾਰ ਸੀ। ਇਹ ਪਾਦਰੀ ਕੌਣ ਸੀ, ਤੇ ਇਸ ਬੱਚੇ ਦੀ ਅਜੀਬੋ-ਗਰੀਬ ਮੌਤ ਦੇ ਦੁਖਾਂਤ ਦਾ ਕਿਵੇਂ ਜਿੰਮੇਵਾਰ ਸੀ, ਆਉ ਇਸ ਸਾਰੀ ਗੱਲਬਾਤ ਤੇ ਦੁਖਾਂਤ ਉੱਪਰ ਚਰਚਾ ਕਰੀਏ।

ਇਹ ਜਨਵਰੀ ਸੰਨ 1953 ਈ: ਦੀ ਗੱਲ ਹੈ। ਉਦੋਂ ਮੇਰੀ ਪਹਿਲੀ ਪੋਸਟਿੰਗ ਔਵਰਸੀਅਰ ਦੇ ਤੌਰ ਤੇ ਜਗਦਲਪੁਰ (ਮਧਿਆ ਪ੍ਰਦੇਸ਼) ਦੇ ਨੇੜੇ ਇੱਕ ਪਿੰਡ "ਪੁਸ਼ਪਾਲ" ਵਿੱਚ ਹੋਈ ਸੀ। ਭਾਰਤ ਸਰਕਾਰ, ਉਥੇ ਵਗਦੀ ਇੱਕ ਪਹਾੜੀ ਨਦੀ ਉੱਪਰ, ਪੁੱਲ ਬਨਾਉਣਾ ਚਾਹੁੰਦੀ ਸੀ ਤਾਂ ਜੋ ਉਥੇ ਵਸਦੇ ਆਦਿਵਾਸੀਆਂ ਨੂੰ, ਨਦੀ ਦੇ ਉਰਾਰ-ਪਰਾਰ ਜਾਣ ਵਿੱਚ ਆਸਾਨੀ ਹੋਵੇ। ਮੇਰੀ ਡਿਊਟੀ, ਉਸ ਨਦੀ ਦੇ ਤੇਜ਼ ਰਫ਼ਤਾਰ ਵਗਦੇ ਪਾਣੀ ਬਾਰੇ, ਵਿਸ਼ੇਸ਼ ਜਾਣਕਾਰੀ ਇੱਕਠੀ ਕਰਨੀ ਸੀ।

"ਪੁਸ਼ਪਾਲ" ਇੱਕ ਅੱਛਾ ਖਾਸਾ ਕਸਬਾ ਹੈ, ਅਤੇ ਇਥੋਂ ਦੀ ਸਾਰੀ ਵਸੋਂ ਮਾਰਿਆ ਗੋਂਡ ਕਬੀਲੇ ਨਾਲ ਸੰਬੰਧਤ ਸੀ। ਇਹ ਆਦਿਵਾਸੀ ਹਬਸ਼ੀਆਂ ਦੀ ਤਰਾਂ ਕਾਲੇ ਪਰ ਬਹੁਤ ਮਹਿਨਤੀ ਸਨ। ਸਵੇਰੇ ਉਠਦੇ ਸਾਰ ਹੀ ਕੁਝ ਲੋਕ ਤਾਂ ਤੀਰ ਕਮਾਨ ਤੇ ਭਾਲਾ ਆਦਿ ਹਥਿਆਰ ਲੈ ਕੇ ਸ਼ਿਕਾਰ ਨੂੰ ਨਿੱਕਲ ਜਾਂਦੇ, ਕੁਝ ਧਾਨ ਦੇ ਖੇਤਾਂ ਵਿੱਚ ਮਜਦੂਰੀ ਕਰਦੇ ਅਤੇ ਬਾਕੀ ਬਚੇ ਖੁੱਚੇ 'ਮਹੂਆ' ਅਤੇ ਤੇਂਦੂਆ ਦੇ ਪਤੇ ਚੁਣਨ ਵਾਸਤੇ ਚਲੇ ਜਾਂਦੇ ਸਨ। ਇਨ੍ਹਾਂ ਵਿਚੋਂ ਵਿਹਲਾ ਕੋਈ ਨਹੀਂ ਸੀ ਰਹਿੰਦਾ। ਇਹ ਲੋਕ ਅਮਨ ਪਸੰਦ ਲੋਕ ਸਨ ('ਮਹੂਆ' ਇੱਕ ਫਲ ਹੈ, ਜੋ ਬਹੁਤ ਵੱਡੀ ਮਾਤਰਾ ਵਿੱਚ ਜਗਦਲਪੁਰ ਵਿੱਚ ਪੈਦਾ ਹੁੰਦਾ ਹੈ। ਇਸਤੋਂ ਸ਼ਰਾਬ ਬਣਦੀ ਹੈ ਅਤੇ ਇਸ ਸ਼ਰਾਬ ਦਾ ਜਿਆਦਾ ਸੇਵਨ ਆਦਿਵਾਸੀ ਹੀ ਕਰਦੇ ਹਨ। ਤੇਂਦੂਆ ਇੱਕ ਦਰਖਤ ਹੈ, ਜਿਸ ਦੇ ਪੱਤੇ ਬੀੜੀ ਬਣਾਉਣ ਦੇ ਕੰਮ ਆਉਂਦੇ ਹਨ।) ਇਹ ਆਦਿਵਾਸੀ ਭਾਵੇਂ ਜੰਗਲਾਂ ਵਿੱਚ ਜਾ ਕੇ ਨੀਲ ਗਾਏ, ਹਿਰਨ ਅਤੇ ਸਾਂਬਰ ਆਦਿ ਜਾਨਵਰਾਂ ਦਾ ਸ਼ਿਕਾਰ ਕਰਕੇ ਖੁਸ਼ ਹੁੰਦੇ ਸਨ ਪਰ ਇਹ ਚੂਹੇ, ਡੱਡੂ ਅਤੇ ਸੱਪ ਆਦਿ ਖਾਣੋ ਵੀ ਗੁਰੇਜ ਨਹੀਂ ਸੀ ਕਰਦੇ। ਸਿਹਤ ਠੀਕ ਰੱਖਣ ਬਾਰੇ ਇਨ੍ਹਾਂ ਦੀ ਜਾਣਕਾਰੀ ਬਹੁਤ ਘੱਟ ਸੀ। ਇਨ੍ਹਾਂ ਦੇ ਝੌਂਪੜਿਆਂ ਵਿੱਚ ਤੇਂਦੂਐ ਦੇ ਪੱਤਿਆਂ ਦੀ ਵਿਛਾਈ ਵਾਲਾ ਫਰਸ਼ ਹੁੰਦਾ ਸੀ ਅਤੇ ਜਿਆਦਾ ਮੀਂਹ ਪੈਣ ਕਰਕੇ ਇਨ੍ਹਾਂ ਦੇ ਕੱਚੇ ਮਕਾਨ, ਸੇਬਲ ਤੇ ਸਿਲ੍ਹੇ ਰਹਿੰਦੇ ਸੀ। ਇਸੀ ਕਾਰਨ ਆਮ ਤੌਰ ਤੇ ਇਹ ਮੌਸਮੀ ਬੁਖਾਰ ਨਾਲ ਪੀੜਤ ਰਹਿੰਦੇ ਸਨ।

ਕੇਸਾਂ ਨੂੰ ਕੰਘਾ ਕਰਨਾ, ਇਨ੍ਹਾਂ ਦੀ ਸੰਸਕ੍ਰਿਤੀ ਵਿੱਚ ਹੈ ਹੀ ਨਹੀਂ ਸੀ। ਇਹ ਜਿਆਦਾਤਰ ਵਸਤਰ ਹੀਣ ਹੀ ਰਹਿੰਦੇ ਸਨ ਅਤੇ ਇਸ ਵਿੱਚ ਹੀ ਇਹ ਖੁਸ਼ ਸਨ। ਰਾਤ ਇਹ ਝੌਂਪੜਿਆਂ ਵਿੱਚ ਕਟਦੇ ਸਨ ਤੇ ਸੇਬਲ ਫਰਸ਼, ਭਾਵ ਗਿਲੇ ਫਰਸ਼ ਤੇ ਪਏ, ਇਨ੍ਹਾਂ ਨੂੰ ਜੋਕਾਂ ਚਿੰਮੜ ਜਾਂਦੀਆਂ ਸਨ। ਇਨ੍ਹਾਂ ਦੀ ਔਸਤਨ ਉਮਰ 30

ਵਰਸ਼ ਸੀ। ਇਨਫੈਂਟ ਡੈਥ ਰੇਟ 85% ਸੀ (Infant Death Rate 85%), ਪਰ ਫਿਰ ਵੀ ਇਹ ਖੁਸ਼ ਸਨ।

1857 ਈ: ਦੀ ਕ੍ਰਾਂਤੀ ਤੋਂ ਬਾਅਦ ਭਾਰਤ ਵਿੱਚ ਬਰਤਾਨੀਆ ਕਰਾਊਨ ਦਾ ਰਾਜ ਹੋ ਗਿਆ ਸੀ। ਇਸਤੋਂ ਪਹਿਲਾਂ ਭਾਰਤ ਕੌਮਨਵੈਲਥ ਮੁਲਕਾਂ ਦਾ ਫ਼ਰਦ ਨਹੀਂ ਸੀ। ਬ੍ਰਿਟਿਸ਼ ਸੰਸਦ ਨੂੰ ਭਾਰਤ ਦਾ ਰਾਜ ਮਿਲਣ ਤੋਂ ਬਾਅਦ, ਜੱਦ ਭਾਰਤ ਵਿੱਚ ਵਸਦੇ ਆਦਿਵਾਸੀਆਂ ਬਾਰੇ ਜਾਣਕਾਰੀ ਮਿਲੀ ਤੇ ਆਦਿਵਾਸੀਆਂ ਦੀ ਦ੍ਰਿਦਰਤਾ ਬਾਰੇ ਪਤਾ ਲੱਗਿਆ, ਤਾਂ ਮਨੁੱਖੀ ਹਮਦਰਦੀ ਦੇ ਕੁਦਰਤੀ ਭਾਵਾਂ ਕਰਕੇ ਇੰਗਲੈਂਡ ਦੇ ਲੋਕਾਂ ਨੇ ਉਥੋਂ ਦੀ ਸਰਕਾਰ ਤੇ ਜ਼ੋਰ ਪਾਇਆ ਕਿ ਇਨ੍ਹਾਂ ਆਦਿਵਾਸੀਆਂ ਦੀ ਹਾਲਤ ਨੂੰ ਸੁਧਾਰਿਆ ਜਾਵੇ। ਚਰਚ ਆਫ਼ ਇੰਗਲੈਂਡ ਨੇ ਇਸ ਕੰਮ ਲਈ ਉਚੇਚੇ ਕਦਮ ਚੁੱਕੇ, ਤੇ ਇਹਨਾਂ ਬਹੁਤ ਹੀ ਕਮਜ਼ੋਰ ਮਨੁੱਖਾਂ ਨੂੰ, ਜੋ ਨਾ ਜਾਣੇ ਕਿੰਨੇ ਹਜਾਰਾਂ ਸਾਲਾਂ ਤੋਂ ਦਰਿਦਰਤਾ ਦਾ ਸ਼ਿਕਾਰ ਬਣੇ ਹੋਏ ਸੀ, ਇਨ੍ਹਾਂ ਨੂੰ ਸਭਿਅਕ ਲੋਕਾਂ ਦਾ ਸਹਾਰਾ ਮਿਲਣਾ ਸ਼ੁਰੂ ਹੋਇਆ। ਪਰ ਇਸ ਸਹਾਇਤਾ ਦੇ ਪਿਛੇ ਇੱਕ ਚਾਲਾਕ ਬਿਪਰ ਲਹਿਰ ਵੀ ਛਿਪੀ ਹੋਈ ਸੀ। ਚਰਚ ਆਫ਼ ਇੰਗਲੈਂਡ, ਵੈਟੀਕਨ ਅਤੇ ਹੋਰ ਵੱਡੇ ਈਸਾਈ, ਅਧਿਕਾਰੀ ਆਦਿਵਾਸੀ ਲੋਕਾ ਨੂੰ ਈਸਾਈ ਮੱਤ ਦੇ ਘੇਰੇ ਵਿੱਚ ਲਿਆਉਣਾ ਚਾਹੁੰਦੇ ਸਨ। ਪੁਰਾਣੀ ਤੇ ਨਵੀਂ ਅੰਜੀਲ ਵਿੱਚ ਅਜਿਹਾ ਕਰਨ ਨੂੰ ਪੁੰਨ ਦਾ ਕੰਮ ਅਤੇ ਸ਼ੁਭ ਮੰਨਿਆ ਜਾਂਦਾ ਹੈ।

ਸੰਨ 1947 ਵਿੱਚ ਜਦੋਂ ਭਾਰਤ ਆਜ਼ਾਦ ਹੋਇਆ ਸੀ, ਇਸਤੋਂ ਬਹੁਤ ਸਾਲ ਪਹਿਲਾਂ ਹੀ ਅਸਭਿਐ ਲੋਕਾਂ ਨੂੰ ਸਭਿਅਕ ਬਨਾਉਣ ਦੀ ਮੁਹਿੰਮ ਅੰਗ੍ਰੇਜਾਂ ਨੇ ਸ਼ੁਰੂ ਕਰ ਦਿੱਤੀ ਸੀ। ਮਾਰੀਆ ਗੋਂਡ ਕਬੀਲੇ ਦੇ ਲੋਕ ਸਰਕਾਰ ਵੱਲੋਂ ਅਸਭਿਅਕ ਘੋਸ਼ਿਤ ਸਨ। ਇਹ ਲੋਕ ਨੰਗੇ ਧੜੰਗੇ ਰਹਿੰਦੇ ਸਨ, ਪਰ ਹੌਲੀ ਹੌਲੀ ਇਹਨਾਂ ਨੇ ਚਰਚ ਦੀ ਸੇਵਾਵਾਂ ਨੂੰ ਅਪਣਾ ਲਿਆ ਸੀ ਅਤੇ ਕਪੜੇ ਪਾਉਣ ਵਿੱਚ ਦਿਲਚਸਪੀ ਦਿਖਾਉਣੀ ਸ਼ੁਰੂ ਕਰ ਦਿੱਤੀ ਸੀ। ਕਬੀਲੇ ਦੇ ਚੌਧਰੀਆਂ ਨੂੰ ਈਸਾਈ ਪਾਦਰੀ ਉਚੇਚੀ ਸਿਖਸ਼ਾ ਦਿੰਦੇ ਸਨ, ਤਾਂ ਜੋ ਉਹ ਆਪਣੇ ਕਬੀਲੇ ਦੀ ਸੇਵਾ ਕਰ ਸਕਣ। ਫਲਸਰੂਪ ਇਹ ਸਿੱਖਸ਼ਤ ਚੌਧਰੀ ਜਲਦੀ ਹੀ, ਸਭਿਅਕ ਲੋਕਾਂ ਵਾਂਗ ਰਹਿਣ ਲੱਗ ਪਏ ਸਨ, ਪਰ ਕਦੀ ਕਦਾਈਂ ਤਿਉਹਾਰਾਂ ਆਦਿ ਦੇ ਮੌਕੇ ਤੇ ਇਨ੍ਹਾਂ ਦੀਆਂ ਤ੍ਰਿਮਤਾਂ, ਵਸਤਰ ਹੀਨ ਹੋ ਕੇ ਆਪਣੇ ਲੋਕਾਂ ਨਾਲ (ਜੋ ਵਸਤਰਹੀਣ ਰਹਿੰਦੇ ਸਨ) ਨਾਚ ਕਰਨ ਵਿੱਚ ਹਰਜ ਨਹੀਂ ਸੀ ਸਮਝਦੀਆਂ। ਪਾਦਰੀਆਂ ਦੀ ਮਾਰਫ਼ਤ ਮਾਰਿਆ ਕਬੀਲੇ ਦੇ ਚੌਧਰੀਆਂ ਨੂੰ ਆਮ ਲੋਕਾਂ ਤੋਂ ਚੋਰੀ ਛਿਪੇ, ਮੋਟੀਆਂ ਤਨਖਾਹਾਂ ਵੀ ਮਿਲਦੀਆਂ ਸਨ। ਮਹਾਰਾਨੀ ਐਲਿਜਾਬੇਥ-II ਉਦੋਂ ਚਰਚ ਆਫ਼ ਇੰਗਲੈਂਡ ਦੀ ਸੁਪਰੀਮ ਗਵਰਨਰ ਸੀ ਅਤੇ ਕਾਮਨਵੈਲਥ ਮੁਲਕਾਂ ਦੀ ਮੁੱਖੀ ਵੀ ਸੀ। ਉਸਦਾ ਆਦੇਸ਼ ਸੀ ਕਿ ਆਦਿਵਾਸੀ (ਪਿਛੜੇ) ਲੋਕਾਂ ਨੂੰ ਈਸਾਈ ਬਨਣ ਲਈ ਪ੍ਰੇਰਿਆ ਜਾਵੇ ਤੇ ਇਸ ਕੰਮ ਵਿੱਚ ਪਾਦਰੀਆਂ ਦੀ ਸੇਵਾ ਲਈ ਜਾਵੇ। ਭਾਰਤ ਵਿਚਲੇ ਪਾਦਰੀਆਂ ਨੂੰ ਇਸ ਕੰਮ ਲਈ ਉਚੇਚਾ ਭੱਤਾ, ਤਨਖਾਹ ਦੇ ਨਾਲ ਦਿੱਤਾ ਜਾਵੇ ਤੇ ਜਿਥੇ ਕਿਥੇ ਵੀ ਐਸੇ ਪਿਛੜੇ ਲੋਕ ਹਨ, ਜਿਹੜੇ ਆਦਿਵਾਸੀ ਆਖੇ ਜਾਂਦੇ ਸਨ, ਉਨ੍ਹਾਂ ਦੇ ਚੌਧਰੀਆਂ ਨੂੰ ਵੀ ਖੁਸ਼ ਰੱਖਿਆ ਜਾਵੇ। ਇਹ ਸਾਰਾ ਖਰਚ, ਚਰਚ ਆਫ਼ ਇੰਗਲੈਂਡ ਕਰਦਾ ਸੀ, ਅਤੇ ਇਸ ਖਰਚ ਦਾ ਆਡਿਟ (Audit) ਨਹੀਂ ਸੀ ਹੁੰਦਾ। ਇਸ ਫੈਸਲੇ ਦੇ ਫਲਸਰੂਪ ਬਹੁਤੇ ਆਦਿਵਾਸੀ ਚੌਧਰੀਆਂ ਨੇ ਜਿਆਦਾ ਸਹੂਲਤਾਂ ਹਾਸਲ ਕਰਨ ਦੀ ਲਾਲਚ ਵਿੱਚ, ਅੰਗਰੇਜੀ ਸਿਖਣੀ ਵੀ ਸ਼ੁਰੂ ਕਰ ਲਈ, ਅਤੇ ਕਈ ਜਿਆਦਾ ਹੁਸ਼ਿਆਰ ਚੌਧਰੀ, ਅੰਗ੍ਰੇਜੀ ਜੁਬਾਨ ਵਿੱਚ ਗੱਲਬਾਤ ਵੀ ਕਰਨ ਲੱਗ ਪਏ ਸਨ। ਆਦਿਵਾਸੀ ਚੌਧਰੀ ਪੜ੍ਹ ਲਿਖ ਕੇ ਸੁਭਾਵਕ ਹੀ ਚਰਚ ਦੇ ਵੱਡੇ ਅਫਸਰਾਂ ਨੂੰ ਮਿਲਦੇ ਸਨ ਅਤੇ ਨਿੱਜੀ ਤੇ ਆਪਣੇ ਕਬੀਲੇ ਦੀਆਂ ਮੁਸ਼ਕਲਾਂ ਉਨ੍ਹਾਂ ਅਫ਼ਸਰਾਂ ਨੂੰ ਦੱਸਦੇ ਸਨ। 1947 ਈ: ਵਿੱਚ ਜੱਦ ਭਾਰਤ ਆਜ਼ਾਦ ਹੋ ਗਿਆ ਅਤੇ ਭਾਰਤੀ ਅਧਿਕਾਰੀ ਵੀ ਆਦਿਵਾਸੀਆਂ ਵਿੱਚ ਆਏ ਇਸ ਬਦਲਾਅ ਨੂੰ ਵਾਹਵਾ ਪਸੰਦ ਕਰਦੇ ਸਨ।

ਪੁਸ਼ਪਾਲ ਪਿੰਡ ਦੀ ਵਸੋਂ ਗੋਂਡ ਮਾਰਿਆ ਕਬੀਲੇ ਦੀ ਸੀ। ਇਸ ਦੀ ਮੁੱਖੀ ਇੱਕ ਔਰਤ "ਲੌਸੀਨੀ" ਸੀ। ਉਹ ਬਹੁਤ ਹੀ ਜ਼ਹੀਨ, ਦੂਰ ਦ੍ਰਿਸ਼ਟਤਾ ਵਾਲੀ ਅਤੇ ਸਾਹੂ ਸੁਭਾ ਦੀ ਔਰਤ ਸੀ। ਉਸ ਨੇ ਆਪਣੇ ਪਾਦਰੀ ਨੂੰ ਇੱਕ ਗੱਲ ਸਪਸ਼ਟ ਕਰ ਦਿੱਤੀ ਸੀ, "ਮੈਂ ਆਪਣਾ ਸੋਚ ਢੰਗ ਨਹੀਂ ਬਦਲ ਸਕਦੀ। ਤੁਸੀਂ ਆਰੀਅਨ ਲੋਕ ਹੋ। ਮੇਰੀ ਜਾਣਕਾਰੀ ਅਨੁਸਾਰ ਜੋ ਮੈਨੂੰ ਆਪਣੇ ਪੁਰਖਾਂ ਤੋਂ ਮਿਲੀ ਹੈ, ਕਿ ਪਿਛਲੇ 10,000 ਸਾਲਾਂ ਤੋਂ ਆਰੀਅਨ ਲੋਕਾਂ ਨਾਲ ਇਥੋਂ ਦੇ ਵਸਨੀਕ ਲੜਦੇ ਹੀ ਆ ਰਹੇ ਹਨ। ਪੁਰਾਣੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਂ

ਆਪਣਾ ਇਸ਼ਟ ਨਹੀਂ ਬਦਲ ਸਕਦੀ। ਮੇਰੇ ਧਰਮ ਵਿੱਚ, ਇਸ਼ਟ ਮਾਂ ਦੁਰਗਾ ਹੈ (ਹਿੰਦੂ ਮਾਂ ਦੁਰਗਾ ਨੂੰ ਮਾਂ ਕਾਲੀ ਕਹਿ ਕੇ ਵੀ ਮੰਨਦੇ ਹਨ)। ਮੈਂ ਈਸਾਈ ਨਹੀਂ ਬਣ ਸਕਦੀ। ਪਰ ਮੈਂ ਈਸਾਈ ਬਨਣ ਦਾ ਨਾਟਕ ਜਰੂਰ ਕਰ ਸਕਦੀ ਹਾਂ, ਤਾਂ ਜੋ ਮੈਂ ਆਪਣੇ ਕਬੀਲੇ ਨੂੰ ਤੁਹਾਡੀ ਮੱਦਦ ਨਾਲ ਤਰੱਕੀ ਵੱਲ ਲੈ ਜਾ ਸਕਾਂ। ਮੇਰੇ ਕਬੀਲੇ ਦੇ ਲੋਕ ਉਜੱਡ ਤੇ ਘੱਟ ਬੁੱਧੀ ਵਾਲੇ ਹਨ। ਤੁਸੀਂ ਉਨ੍ਹਾਂ ਨੂੰ ਆਪਣਾ ਜੀਵਨ ਸੁਧਾਰਨ ਦੇ ਮੌਕੇ ਪ੍ਰਦਾਨ ਕਰ ਰਹੇ ਹੋ, ਜਰੂਰ ਕਰੋ। ਪਰ ਉਨ੍ਹਾਂ ਤੋਂ ਉਨ੍ਹਾਂ ਦਾ ਪੁਰਾਤਨ ਸੋਚਣ ਢੰਗ ਖੋਹਣ ਦੀ ਕੋਸ਼ਿਸ਼ ਕਿਉਂ ਕਰਦੇ ਹੋ? ਇਹ ਵਸਤਰ ਹੀਣ ਰਹਿੰਦੇ ਹਨ, ਇਹਨਾਂ ਨੂੰ ਸ਼ਿਖਸ਼ਾ ਦਿਉ ਕਿ ਇਹ ਆਪਣਾ ਤਨ ਢੱਕ ਕੇ ਰੱਖਣ। ਇਹ ਦੁਰਬਲ ਹਨ ਇਸ ਲਈ ਇਨ੍ਹਾਂ ਨੂੰ ਪੌਸ਼ਟਿਕਤਾ ਦੇਣ ਦੀ ਪਾਲਿਸੀ ਬਣਾਉ। ਇਨ੍ਹਾਂ ਦੇ ਬੱਚਿਆਂ ਲਈ ਪਾਠਸ਼ਾਲਾਵਾ ਦਾ ਪ੍ਰਬੰਧ ਕਰੋ। ਇਨ੍ਹਾਂ ਦੀਆਂ ਔਰਤਾਂ ਖੇਤਾਂ ਵਿੱਚ ਕੰਮ ਕਰਦਿਆਂ ਕਰਦਿਆਂ, ਆਪਣੇ ਬੱਚੇ ਨੂੰ ਜਨਮ ਦੇ ਕੇ, ਫਿਰ ਥੋੜੇ ਸਮੇਂ ਬਾਅਦ ਕੰਮ ਵਿੱਚ ਲੱਗ ਜਾਂਦੀਆਂ ਹਨ। ਐਸੇ ਸਮਾਜ ਲਈ ਜੇ ਤੁਸੀਂ ਹਸਪਤਾਲਾਂ ਦਾ ਬੰਦੋਬਸਤ ਕਰ ਦਿਉ ਤਾਂ ਮੈਂ ਤੁਹਾਡੀ ਬਹੁਤ ਆਭਾਰੀ ਹੋਵਾਂਗੀ। ਤੁਸੀਂ ਜੇ ਇਹ ਸਭ ਨਾ ਵੀ ਕਰ ਸਕੇ ਤਾਂ ਵੀ ਮੈਂ ਆਭਾਰੀ ਰਹਾਂਗੀ ਕਿਉਂਕਿ ਤੁਸੀਂ ਮੇਰੇ ਕਬੀਲੇ ਦਾ ਭਲਾ ਸੋਚਿਆ ਹੈ।" ਇਸ ਅਛੂਤ ਇਸਤਰੀ "ਲੌਸੀਨੀ" ਦੀਆਂ ਗੱਲਾਂ ਸੁਣ ਕੇ ਪਾਦਰੀ ਡਿਸੋਜਾ ਦੀਆਂ ਅੱਖਾ ਸੇਜਲ ਹੋ ਗਈਆਂ। ਉਹ ਥੋੜੀ ਦੇਰ ਚੁੱਪ ਰਿਹਾ ਤੇ ਫਿਰ ਬੋਲਿਆ, "ਮੈਡਮ ਲੌਸੀਨੀ ਮੈਂ ਤੁਹਾਡੇ ਨਾਲ ਸਹਿਮਤ ਹਾਂ। ਤੁਸੀ ਧਰਮ ਨਹੀਂ ਬਦਲਣਾ, ਤਾਂ ਨਾ ਬਦਲੋ, ਤੁਸੀਂ ਸਿਰਫ ਮੇਰਾ ਸਾਥ ਦੇਣਾ ਹੈ ਤਾਂ ਜੋ ਮੈਂ ਇਸ ਪੱਛੜੀ ਹੋਈ ਮਨੁੱਖੀ ਜਾਤ ਦੀ ਸੇਵਾ ਕਰ ਸਕਣ ਦੀ ਖੁਸ਼ੀ ਪ੍ਰਾਪਤ ਕਰ ਸਕਾਂ। ਇਹ ਮਨੁੱਖ ਹਨ, ਸਾਡੇ ਵਰਗੇ ਹੀ ਹਨ। ਇਹ ਵੀ ਰੱਬ ਦੀ ਕ੍ਰਿਤ ਹਨ। ਇਨ੍ਹਾਂ ਦੇ ਸੇਵਾ ਕਰਨਾ ਮੇਰੀ ਜਿੰਦਗੀ ਦਾ ਮਨੋਰਥ ਹੈ।"

ਅਗਲੇ ਦਿਨ ਪਾਦਰੀ ਨੇ ਆਪਣੀ ਚਰਚ ਸੇਵਾਵਾਂ ਤੋਂ ਬਾਅਦ ਆਪਣੇ Cathedral ਦੇ ਇਹਾਤੇ ਵਿੱਚ ਆਪਣੇ ਸੇਵਾਦਾਰਾਂ ਦੀ ਮਦਦ ਨਾਲ ਇੱਕ ਐਸੇ ਨਵੇਂ ਤਜਰਬੇ ਦੀ ਸ਼ੁਰੂਆਤ ਕੀਤੀ ਜਿਹੜੀ ਇਸਤੋਂ ਪਹਿਲਾਂ ਸ਼ਾਇਦ ਕਿਸੇ ਨੇ ਵੀ, ਐਸਾ ਕਰਨ ਦਾ ਹੀਆ ਨਹੀਂ ਸੀ ਕੀਤਾ। 8-10 ਸਾਲ ਦੇ ਦੋ ਬੱਚੇ, ਜਿਨ੍ਹਾਂ ਦੇ ਵਾਲ ਬਹੁਤ ਹੀ ਗੰਦਲੇ ਤੇ ਜੂਆਂ ਨਾਲ ਭਰੇ ਹੋਏ ਸੀ, ਉਨ੍ਹਾਂ ਨੂੰ ਬਹਿਲਾ ਫੁਸਲਾ ਕੇ ਪਰ ਉਨ੍ਹਾਂ ਦੀ ਮਰਜੀ ਦੇ ਨਾਲ ਹੀ ਉਨ੍ਹਾਂ ਦੇ ਵਾਲਾਂ ਨੂੰ ਜੂਆ ਮਾਰਨ ਵਾਲੇ ਸਾਬਣ ਨਾਲ ਧੋ ਕੇ, ਤੇ ਫਿਰ ਉਨ੍ਹਾਂ ਦੇ ਕੇਸਾਂ ਨੂੰ ਸੈਂਪੂ ਨਾਲ ਧੋਤਾ ਗਿਆ। ਉਨ੍ਹਾਂ ਦੇ ਸਰੀਰ ਨੂੰ ਲਾਈਫਬੁਆਏ ਸਾਬਣ ਨਾਲ ਸਾਫ਼ ਕੀਤਾ ਗਿਆ। (ਸੈਂਪੂ 1952 ਈ: ਵਿੱਚ ਭਾਰਤ ਅੰਦਰ ਇੱਕ ਨਾਯਾਬ ਭਾਵ ਨਾ ਮਿਲਣ ਵਾਲੀ ਵਸਤੂ ਸੀ। ਸੈਂਪੂ ਦਾ ਆਵਿਸ਼ਕਾਰ ਸੰਨ 1930 ਵਿੱਚ ਇੰਗਲੈਂਡ ਅੰਦਰ ਹੋਇਆ ਸੀ। ਇਸਨੂੰ ਖੋਜਣ ਵਾਲੇ ਦਾ ਨਾਮ Kasi Herberd ਸੀ ਜੋ ਲੰਡਨ ਦਾ ਰਹਿਣ ਵਾਲਾ ਸੀ। ਸੈਂਪੂ 1942 ਈ: ਵਿੱਚ ਸਾਊਦੀ ਅਰਬ ਪਹੁੰਚਿਆ ਤੇ ਇਸ ਦੀ ਲਾਭਦਾਇਕਤਾ ਭਾਰਤ ਵਿੱਚ 1953 ਈ: ਵਿੱਚ ਸ਼ੁਰੂ ਹੋਈ ਸੀ।) 1952 ਈ: ਵਿੱਚ ਇਹ ਇਤਨਾ ਮਹਿੰਗਾ ਸੀ ਕਿ ਇਸ ਨੂੰ ਆਮ ਲੋਕ ਖ੍ਰੀਦ ਵੀ ਨਹੀਂ ਸੀ ਸਕਦੇ।

ਬੱਚਿਆਂ ਦੇ ਬਦਨ ਨੂੰ ਲਾਈਫਬੁਆਏ ਸਾਬਣ ਨਾਲ ਜਿੰਦਗੀ ਵਿੱਚ, ਸ਼ਾਇਦ ਪਹਿਲੀ ਵਾਰ ਧੋਤਾ ਗਿਆ ਸੀ। ਨਹਾ ਧੁਆ ਕੇ ਉਨ੍ਹਾਂ ਬੱਚਿਆਂ ਦੇ ਨੰਗੇਜ ਨੂੰ ਕੱਜਣ ਲਈ ਕਪੜਾ ਦਿੱਤਾ ਗਿਆ ਤੇ ਤਨ ਉੱਪਰ ਵੀ ਇੱਕ ਬਨਿਆਨ ਪਾਈ ਗਈ। ਬੱਚਿਆਂ ਨੇ ਪਹਿਲੀ ਵਾਰ ਜਿੰਦਗੀ ਵਿੱਚ ਛੋਟਾ ਮੋਟਾ ਨਾਸ਼ਤਾ ਵੀ ਕੀਤਾ। ਪਹਿਲਾਂ ਇਨ੍ਹਾਂ ਬੱਚਿਆਂ ਨੂੰ ਰੋਜ਼ ਬੁਖਾਰ ਚੜ੍ਹਦਾ ਸੀ ਪਰ ਹੁਣ ਇਹ ਦੋਵੇਂ ਬੱਚੇ Cathedral ਵਿੱਚ ਘੁੱਕ ਸੁੱਤੇ ਪਏ ਸਨ। ਇਸ ਸ਼ੋਸ਼ਲ ਕੰਮ ਕਰਨ ਵਾਲੇ ਪਾਦਰੀ ਦੇ ਨੇੜੇ ਹੀ ਪਈ ਇੱਕ ਕੁਰਸੀ ਉੱਪਰ, "ਲੌਸੀਨੀ" ਵੀ ਬੈਠੀ ਸੀ। ਉਹ ਖੁਸ਼ ਸੀ ਕਿ ਉਸ ਦੇ ਕਬੀਲੇ ਦੇ ਲੋਕਾਂ ਲਈ ਕੋਈ ਸੰਸਥਾ ਕੰਮ ਕਰਨ ਲੱਗ ਪਈ ਹੈ।। ਸ਼ਾਮ ਤੱਕ ਇਹ ਖਬਰ ਸਾਰੇ ਪਿੰਡ ਵਿੱਚ ਫੈਲ ਗਈ ਤੇ ਅਗਲੀ ਸਵੇਰ ਨੂੰ ਦੋ ਦੀ ਥਾਂ 12 ਮੈਲੇ ਕੁਚੈਲੇ ਤੇ ਬਿਮਾਰ ਬੱਚੇ ਚਰਚ ਦੇ ਇਹਾਤੇ ਵਿੱਚ ਬੈਠੇ ਸਨ। ਉਹ ਲੌਸੀਨੀ ਦਾ ਇੰਤਜਾਰ ਕਰ ਰਹੇ ਸਨ, ਕਿਉਂਕਿ ਲੌਸੀਨੀ ਉਨ੍ਹਾਂ ਦੀ ਆਪਣੀ ਸੀ, ਅਤੇ ਪਾਦਰੀ, ਅਜੇ ਉਨ੍ਹਾਂ ਦਾ ਵਿਸ਼ਵਾਸ਼ ਨਹੀਂ ਸੀ ਜਿੱਤ ਸਕਿਆ।

ਅਗਲੇ ਦਿਨ ਸਰਕਾਰੀ ਡਾਕਟਰ ਵੀ ਚਰਚ ਵਿੱਚ ਮੌਜੂਦ ਸੀ। ਉਸ ਨੇ ਹਰ ਬੱਚੇ ਦਾ ਡਾਕਟਰੀ ਮੁਆਂਇਨਾ ਕੀਤਾ ਅਤੇ ਆਪਣੇ ਰਜਿਸਟਰ ਵਿੱਚ ਹਰ ਬੱਚੇ ਦਾ ਨਾਮ ਨੋਟ ਕਰਕੇ ਹਰ ਬੱਚੇ ਨੂੰ ਲੋੜੀਂਦਾ ਟੀਕਾ ਲਗਾਇਆ। ਉਨ੍ਹਾਂ ਨੂੰ ਵਿਟਾਮਿਨਜ਼ ਦਿੱਤੇ ਗਏ ਅਤੇ

ਲੋੜ ਅਨੁਸਾਰ ਉਨ੍ਹਾਂ ਦੀਆਂ ਅੱਖਾਂ ਵਿੱਚ ਲੋੜੀਂਦੀ ਦਵਾਈ ਵੀ ਪਾਈ ਗਈ ਅਤੇ ਹਰ ਬੱਚੇ ਨੂੰ ਡੀਵਾਰਮ (Deworm) ਵੀ ਕੀਤਾ ਗਿਆ। ਇਹ ਅਧਿਐਨ ਦੋ ਹਫ਼ਤੇ ਚਲਿਆ।

ਪੰਦਰਾਂ ਦਿਨਾਂ ਬਾਅਦ ਇਨ੍ਹਾਂ ਬੱਚਿਆਂ ਦੇ ਚਿਹਰੇ ਤੇ ਪ੍ਰਤੱਖ ਰੌਣਕ ਸੀ। ਇਹਨਾਂ ਦੋ ਹਫਤਿਆਂ ਵਿੱਚ ਇਨ੍ਹਾਂ ਬੱਚਿਆਂ ਵਿੱਚੋਂ ਕੋਈ ਵੀ ਵਸਤਰਹੀਣ ਹਾਲਤ ਵਿੱਚ ਪਿੰਡ ਅੰਦਰ ਨਹੀਂ ਸੀ ਰਿਹਾ। ਲੌਸੀਨੀ ਖੁਸ਼ ਸੀ। ਸਰਕਾਰੀ ਡਾਕਟਰ ਜਿਹੜੇ ਐਂਗਲੋ ਇੰਡੀਅਨ ਸਨ, ਇਸ ਮੈਡੀਕਲ ਕੈਂਪ ਨਾਲ ਅਤਿ ਪ੍ਰਸੰਨ ਸਨ (ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜਰੂਰੀ ਹੈ ਕਿ ਇਹ ਭਾਰਤ ਵਿੱਚ ਆਪਣੇ ਕਿਸਮ ਦਾ ਪਹਿਲਾ ਮੈਡੀਕਲ ਕੈਂਪ ਸੀ ਜੋ 7 ਫਰਵਰੀ 1953 ਵਿੱਚ ਲੱਗਾ ਸੀ। ਬਾਅਦ ਵਿੱਚ ਮੈਡੀਕਲ ਕੈਂਪਾਂ ਦਾ ਰਿਵਾਜ ਚੱਲ ਪਿਆ ਜੋ ਹੁਣ ਤੱਕ ਚੱਲ ਰਿਹਾ ਹੈ। ਸਭ ਤੋਂ ਜਿਆਦਾ ਭਾਵੁਕ ਤੇ ਪ੍ਰਸੰਨ ਸਨ ਪਾਦਰੀ ਡਿਸੋਜਾ, ਉਸਨੂੰ ਇਵੇਂ ਲੱਗਿਆ ਕਿ ਇਹ ਬੱਚੇ ਆਪਣੇ ਸਾਥੀਆਂ ਤੋਂ ਬਹੁਤ ਅੱਛੇ ਦਿਸ ਰਹੇ ਸਨ। ਦੋਹਾਂ ਗਰੁੱਪਾਂ, ਭਾਵ ਉਹ ਗਰੁੱਪ ਜੋ ਤਨ ਢੱਕਦੇ ਸਨ ਤੇ ਉਹ ਜੋ ਵਸਤਰਹੀਣ ਸਨ ਦਾ ਇਸ਼ਟ ਇੱਕੋ ਸੀ – "ਮਾਂ ਕਾਲੀ, ਮਾਂ ਦੁਰਗਾ", ਪਰ ਕਪੜੇ ਪਾਉਣ ਵਾਲੇ ਗਰੁੱਪ ਵਿੱਚ ਸਵੈ ਵਿਸ਼ਵਾਸ਼ ਦੇ ਚਿੰਨ੍ਹ ਸਪਸ਼ਟ ਦਿਸਣ ਲਗ ਪਏ ਸਨ। ਪਾਦਰੀ ਡਿਸੋਜਾ, "ਸਭਿਅਤਾ ਕੀ ਹੈ?" ਇਸ ਉੱਪਰ ਸੋਚਣ ਲੱਗ ਪਏ। ਇੰਗਲੈਂਡ ਦੀ ਮਲਕਾ ਦਾ ਆਦੇਸ਼ ਸੀ ਕਿ ਪੱਛੜੀ ਮਨੁੱਖੀ ਜਾਤੀ ਨੂੰ ਸਭਿਅਕ ਬਣਾਉਣਾ ਹੈ। ਪਰ ਕੀ ਕਪੜੇ ਪਾਉਣ ਨਾਲ ਮਨੁੱਖ ਸਭਿਅਕ ਹੋ ਜਾਂਦੇ ਹਨ? ਪਾਦਰੀ ਬੜੀ ਗਹਿਰਾਈ ਨਾਲ ਇਹ ਸੋਚਦੇ ਰਹਿੰਦੇ ਸਨ।

ਜਦੋਂ ਦਾ ਪਾਦਰੀ ਸਾਹਿਬ ਨੇ ਕੈਂਪ ਲਾਇਆ ਸੀ ਉਸ ਦਿਨ ਤੋਂ ਰੋਜ ਹੀ, ਮੈਂ, ਡਿਸੋਜਾ ਸਾਹਿਬ ਪਾਸ ਪਹੁੰਚ ਕੇ ਉਹਨਾਂ ਦੀਆਂ ਗੱਲਾਂ ਬਾਤਾਂ ਨੂੰ ਸੁਣਦਾ, ਜਿਹੜੀਆਂ ਉਹ ਡਾਕਟਰ Neil ਨਾਲ ਕਰਦੇ ਸਨ। ਪਾਦਰੀ ਸਾਹਿਬ ਸ਼ਰਾਬ ਨਹੀਂ ਸੀ ਪੀਂਦੇ। ਪਰ ਡਾਕਟਰ ਖਾ ਪੀ ਲੈਂਦਾ ਸੀ।

ਮੈਡੀਕਲ ਕੈਂਪ ਦੇ 21 ਦਿਨ ਬਾਅਦ ਪਾਦਰੀ ਆਪਣੇ 'ਬਿਸ਼ਪ' ਨੂੰ ਮਿਲਣ ਲਈ ਬਿਲਾਸਪੁਰ ਚਲੇ ਗਏ। ਪੁਸ਼ਪਾਲ ਤੋਂ ਬਿਲਾਸਪੁਰ (ਮੱਧਪ੍ਰਦੇਸ਼ ਵਿੱਚਲਾ ਇਹ ਸ਼ਹਿਰ, ਈਸਾਈਆਂ ਦਾ ਵੱਡਾ ਕੇਂਦਰ ਹੈ) 286 ਮੀਲ ਦੀ ਦੂਰੀ ਤੇ ਹੈ। ਇਥੇ ਨਜਤੀਰਬ ਦਾ ਦਫ਼ਤਰ ਸੀ। ਵੱਡੇ ਪਾਦਰੀ ਦੀ ਇਜ਼ਾਜਤ ਨਾਲ ਪੁਸ਼ਪਾਲ ਦੇ ਸਕੂਲ ਨੂੰ ਇੱਕ ਮਿਸ਼ਨਰੀ ਸਕੂਲ ਦਾ ਦਰਜਾ ਦਿੱਤਾ ਗਿਆ ਅਤੇ ਇਨ੍ਹਾਂ ਸਾਰਿਆਂ ਬੱਚਿਆਂ ਦੀ ਰਿਹਾਇਸ਼, ਖਾਣਾ ਪੀਣਾ, ਕਾਪੀਆਂ ਕਿਤਾਬਾਂ ਅਤੇ ਦਵਾ ਦਾਰੂ ਦਾ ਖਰਚ, ਚਰਚ ਆਫ਼ ਬਿਲਾਸਪੁਰ ਬਰਦਾਸ਼ਤ ਕਰਨ ਲੱਗ ਪਿਆ। ਇਸ ਅਨੋਖੇ ਤਜਰਬੇ ਵਿੱਚ,ਸਵੇਰ ਵੇਲੇ ਸਕੂਲ ਸ਼ੁਰੂ ਹੋਣ ਲੱਗਿਆਂ ਕਿਸੇ ਕਿਸਮ ਦੀ ਕੋਈ ਧਾਰਮਕ ਪ੍ਰਾਥਨਾ ਨਹੀਂ ਸੀ ਕੀਤੀ ਜਾਂਦੀ। ਛੇ ਮਹੀਨਿਆਂ ਤੱਕ ਇਹ ਸਕੂਲ ਇਸੇ ਤਰ੍ਹਾਂ ਹੀ ਚਲਦਾ ਰਿਹਾ, ਤੇ ਇਸ ਦੇ ਇਹ 15 ਵਿਦਿਆਰਥੀ, ਬੜੇ ਸਨਮਾਨ ਸਹਿਤ ਪਿੰਡ ਦੀ ਸ਼ਾਨ ਬਣੇ ਰਹੇ। ਇਨ੍ਹਾਂ ਬੱਚਿਆਂ ਉੱਪਰ ਪੂਰੇ ਪਿੰਡ ਨੂੰ ਮਾਣ ਸੀ। ਲੌਸੀਨੀ ਨੂੰ ਸਾਰੇ ਪਿੰਡ ਵਾਸੀ ਹੁਣ ਦੇਵੀ ਮਾਂ ਦਾ ਦਰਜਾ ਦੇਣ ਲੱਗ ਪਏ ਸੀ।

ਇਥੇ ਇਹ ਜਰੂਰੀ ਲੱਗਦਾ ਹੈ ਕਿ ਪਾਠਕਾਂ ਨੂੰ ਪਾਦਰੀ ਡਿਸੋਜਾ ਬਾਰੇ ਥੋੜੀ ਜਿਹੀ ਜਾਣਕਾਰੀ ਦਿੱਤੀ ਜਾਵੇ। ਪਾਦਰੀ ਨਾ ਤਾਂ ਸਰਾਬ ਪੀਂਦਾ ਸੀ ਅਤੇ ਨਾ ਹੀ ਉਹ ਮਾਂਸਾਹਾਰੀ ਸੀ। ਉਹ ਆਪਣਾ ਭੋਜਨ ਆਪ ਬਣਾਉਂਦਾ ਸੀ। ਚਰਚ ਦੀ ਸੇਵਾ ਕਰਨਾ, ਆਦਿਵਾਸੀ ਬਿਮਾਰਾਂ ਦੀ ਦੇਖਭਾਲ, ਉਨ੍ਹਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਣਾ ਤੇ ਲੋੜ ਪੈਣ ਤੇ ਮਾਲੀ ਸਹਾਇਤਾ ਵੀ ਕਰਨੀ ਉਸਦੇ ਮੁੱਖ ਸੌਂਕ ਸਨ। ਜਦੋਂ ਵਿਹਲਾ ਸਮਾਂ ਮਿਲਦਾ ਸੀ ਤਾਂ ਉਹ ਕਿਤਾਬਾਂ ਪੜ੍ਹਦਾ ਸੀ। ਉਸਦੇ ਸੌਂਕ ਦੀਆਂ ਕਿਤਾਬਾਂ ਉਸ ਨੂੰ ਹਰ ਐਤਵਾਰ ਨੂੰ ਸ਼ਾਮ ਵੇਲੇ ਰਾਏਪੁਰ ਤੋਂ ਜੋ ਜਗਦਲਪੁਰ ਤੋਂ ਕਰੀਬ 185 ਮੀਲ ਦੀ ਵਿੱਥ ਤੇ ਹੈ, ਉਥੋਂ ਕੋਈ ਨਾ ਕੋਈ ਈਸਾਈ ਸੇਵਕ ਦੇ ਜਾਂਦਾ ਸੀ। ਇੱਕ ਖਾਸ਼ ਗੱਲ ਜੋ ਮੈਂ ਈਸਾਈ ਮੱਤ ਦੇ ਪੁਜਾਰੀਆਂ ਵਿੱਚ ਦੂਜੇ ਮੱਤ ਦੇ ਪੁਜਰੀਆਂ ਤੋਂ ਨਵੇਕਲੀ ਵੇਖੀ ਹੈ, ਉਹ ਇਹ ਗੁਣ ਹੈ ਕਿ ਈਸਾਈਆਂ ਦੇ ਸਾਰੇ ਪਾਦਰੀ ਅਤੇ ਧਰਮ ਗੁਰੂ, ਆਪਣੇ ਗਿਆਨ ਦੇ ਵਾਧੇ ਲਈ ਹੋਰ ਮਜ਼ਹਬਾਂ ਦਾ ਅਧਿਐਨ, ਬੜੀ ਗਹਿਰਾਈ ਨਾਲ ਕਰਦੇ ਹਨ। ਸਾਇੰਸ, ਬਾਇਲੋਜੀ ਅਤੇ ਫਿਲਾਸਫੀ ਵਰਗੇ ਮਜਮੂਨ ਪੜ੍ਹਨਾ ਇਨ੍ਹਾਂ ਲਈ Vetican Papal ਵੱਲੋਂ, ਜਰੂਰੀ ਘੋਸ਼ਿਤ ਹਨ। ਬਾਕੀ ਮਤਾਂ ਦੇ ਪਾਂਡੇ-ਪੰਡਤ, ਗਿਆਨੀ ਗ੍ਰੰਥੀ ਤੇ ਮੁਲੇ ਮੁਲਾਣੇ ਘੱਟ ਵੱਧ ਹੀ ਇਸ ਸਿਫਤ ਨੂੰ ਆਪਣੇ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਸਾਰੇ ਪੁਜਾਰੀ ਵਰਗਾਂ ਵਿੱਚ ਇੱਕ ਗੱਲ ਸਾਂਝੀ ਹੈ, ਕਿ

ਇਹ ਸਾਰੇ ਹੀ ਬਹੁਤ ਹੀ ਖੂਬਸੂਰਤ ਅਵਾਜ ਦੇ ਮਾਲਕ ਹੁੰਦੇ ਹਨ। ਬਹੁਤ ਸੋਹਣੀ ਆਵਾਜ ਵਿੱਚ ਮੌਲਵੀ ਅਜ਼ਾਨ ਦਿੰਦਾ ਹੈ, ਪੰਡਿਤ ਭਜਨ ਬੋਲਦਾ ਹੈ ਅਤੇ ਕੀਰਤਨੀਆ ਸੰਗਤਾਂ ਨੂੰ ਨਿਹਾਲ ਕਰਦਾ ਹੈ। ਪਾਦਰੀ ਜਦੋਂ ਸ਼ਤ;ਠ ਗਾਉਂਦੇ ਹਨ, ਤਾਂ ਚਰਚ ਵਿੱਚ ਗੋਡਿਆਂ ਭਾਰ ਹੋਏ ਈਸਾਈ ਉਸ ਦੀ ਆਵਾਜ ਨਾਲ ਆਵਾਜ ਮਿਲਾ ਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਜਿਨ੍ਹਾਂ ਦੀ ਆਵਾਜ਼ ਅੱਛੀ ਨਹੀਂ ਹੁੰਦੀ ਉਹ ਜਲਦੀ ਹੀ ਪੂਜਾ ਪਾਠ ਦੇ ਕੰਮ ਨੂੰ ਛੱਡ ਜਾਂਦੇ ਹਨ। (ਅਜ਼ਾਨ - ਮੁਲਾ ਨਿਮਾਜ਼ ਤੋਂ ਪਹਿਲਾਂ ਜਿਹੜੀ ਉੱਚੀ ਬਾਂਗ ਬੋਲਦਾ ਹੈ ਉਸਨੂੰ ਅਜ਼ਾਨ ਕਹਿਾ ਜਾਂਦਾ ਹੈ)

ਪਾਦਰੀ ਡਿਸੋਜਾ, ਸ਼ਾਮ ਦੀ ਸਭਾ ਖਤਮ ਹੋਣ ਤੋਂ ਬਾਅਦ ਲੋਕਾਂ ਨੂੰ ਘੱਟ ਵੱਧ ਹੀ ਮਿਲਦੇ ਸਨ। ਉਹ ਆਪਣੀ ਕੁਟੀਆ ਵਿੱਚ ਜਾ ਕੇ ਆਪਣਾ ਭੋਜਨ ਬਣਾਉਂਦੇ ਤੇ ਫਿਰ ਰੋਟੀ ਖਾ ਕੇ ਕਿਤਾਬਾਂ ਦਾ ਮੁਤਾਲੀਆਂ ਕਰਦੇ ਰਹਿੰਦੇ। ਇੱਕ ਦਿਨ ਇਕਲੇ ਰਾਤ ਨੂੰ ਸੁੱਤੇ ਪਏ ਪਾਦਰੀ ਨੂੰ, ਜੋ ਹੁਣ ਪੁਸ਼ਪਾਲ ਪਿੰਡ ਦੀ ਜਿੰਦ ਤੇ ਜਾਨ ਬਣ ਚੁੱਕਿਆ ਸੀ, ਉਸ ਨੂੰ 'ਧਨਤੇਸ਼ਵਰੀ' ਮੰਦਿਰ ਦੇ ਪੁਜਾਰੀਆ ਨੇ ਬੁਰੀ ਤਰ੍ਹਾਂ ਮਾਰਿਆ ਕੁੱਟਿਆ ਤੇ ਜਖ਼ਮੀ ਕਰ ਦਿੱਤਾ ਅਤੇ ਉਹ ਮਫ਼ਰੂਰ ਹੋ ਗਏ, ਪਰ ਜਲਦੀ ਹੀ ਪਕੜੇ ਗਏ। ਪੁਲਿਸ ਨੂੰ ਪੁਛ ਤਾਛ ਕਰਨ ਤੋਂ ਪਤਾ ਲੱਗਾ ਕਿ ਮਾਰਨ ਵਾਲਿਆਂ ਦਾ ਇਹ ਖਿਆਲ ਸੀ ਕਿ ਪਾਦਰੀ ਇਥੋਂ ਨੱਠ ਜਾਵੇਗਾ, ਪਰ ਹੋਇਆ ਇਸ ਦੇ ਉਲਟ। ਲੌਸੀਨੀ ਉਸ ਘਾਇਲ ਪਾਦਰੀ ਨੂੰ ਆਪਣੇ ਘਰ ਲੈ ਗਈ ਤਾਂ ਕਿ ਉਸ ਦੀ ਦੇਖ ਭਾਲ ਠੀਕ ਤਰੀਕੇ ਨਾਲ ਕੀਤੀ ਜਾ ਸਕੇ। ਤੀਮਾਰਦਾਰੀ ਵਿੱਚ ਲੌਸੀਨੀ ਨੇ ਕੋਈ ਕਸਰ ਨਹੀਂ ਸੀ ਛੱਡੀ। ਹੁਣ ਸਾਰੇ ਪਿੰਡ ਦੇ ਲੋਕ, ਕੰਮ ਕਾਰ ਤੇ ਜਾਣ ਤੋਂ ਪਹਿਲਾਂ ਲੌਸੀਨੀ ਦੇ ਝੌਂਪੜੇ ਦੇ ਅੱਗੋਂ ਦੀ ਲੰਘਦੇ ਸਨ ਤੇ ਲੰਘਣ ਲੱਗਿਆਂ ਉਹ ਝੌਂਪੜੇ ਦੀ ਮੁੜਾਠ ਦੀ ਮਿੱਟੀ ਨੂੰ ਹੱਥ ਲਾ ਕੇ, ਉਸ ਮਿੱਟੀ ਨਾਲ, ਆਪਣੇ ਮੱਥੇ ਤੇ ਤਿਲਕ ਕਰਦੇ, ਤੇ ਫਿਰ ਉਸੀ ਤਿਲਕ ਵਾਲੇ ਹੱਥ ਨੂੰ ਆਪਣੇ ਸਿਰ ਤੇ ਸ਼ਰਧਾ ਵਜੋਂ ਫੇਰ ਲੈਂਦੇ ਤੇ ਉਸ ਤੋਂ ਬਾਅਦ ਹੀ ਆਪਣੇ ਕੰਮਾਂ ਕਾਰਾਂ ਤੇ ਜਾਂਦੇ ਸਨ। ਪਿੰਡ ਵਿੱਚ ਅਜਿਹੀ ਭਗਤੀ, ਕਿਸੇ ਮਨੁੱਖ ਲਈ, ਪਹਿਲਾਂ ਕਦੀ ਵੇਖੀ ਨਹੀਂ ਸੀ ਗਈ। ਪਿੰਡ ਦੇ ਅੰਦਰ ਬਣੇ ਧਨਤੇਸ਼ਵਰੀ ਮੰਦਿਰ ਦੇ ਪੁਜਾਰੀਆਂ ਦੀ ਗ੍ਰਿਫਤਾਰੀ ਦੇ ਬਾਅਦ ਉਥੇ ਮੰਦਿਰ ਦੀ ਸੇਵਾ ਕਰਨ ਨੂੰ ਕੋਈ ਨਹੀਂ ਸੀ ਰਿਹਾ। ਲੌਸੀਨੀ ਨੇ ਪਿੰਡ ਦੇ ਮੰਦਰ ਵਿੱਚ ਦੋ ਨਵੇਂ ਪੁਜਾਰੀ, ਮੰਦਰ ਦੀ ਸੇਵਾ ਲਈ ਨਿਯੁਕਤ ਕਰ ਦਿੱਤੇ ਤਾਂ ਕਿ ਪੁਜਾਰੀਆਂ ਦੀ ਅਣਹੋਂਦ ਕਾਰਨ ਪਿੰਡ ਵਾਲਿਆਂ ਦੇ ਮਨ ਮਸੂਸੇ ਨਾ ਜਾਣ। ਉਹ ਜਾਣਦੀ ਸੀ ਕਿ ਮਨੁੱਖ ਦੀ ਪਹਿਲੀ ਲੋੜ ਰੋਟੀ ਹੈ ਪਰ ਰੂਹਾਨੀ ਮੰਗਾਂ ਦਾ ਜੀਵਨ ਵਿੱਚ ਆਪਣਾ ਸਥਾਨ ਹੁੰਦਾ ਹੈ।

ਮਾਰਿਆ ਹੋਇਆ ਸ਼ਿਕਾਰ, ਖੇਤੀ ਦੀ ਉਪਜ, ਮਹੁਏ ਦੀ ਸ਼ਰਾਬ ਅਤੇ ਹੋਰ ਵੀ ਚੜਾਵੇ ਦੇ ਰੂਪ ਵਿੱਚ ਰੋਜ ਹੀ ਮੰਦਰ ਦੇ ਵਿੱਚ ਚੜਦੇ ਸਨ। ਐਸਾ ਕਰਨ ਵਿੱਚ ਪੇਂਡੂਆਂ ਦਾ ਡੂੰਘਾ ਵਿਸ਼ਵਾਸ਼ ਸੀ।

ਡਾਕਟਰੀ ਸਹਾਇਤਾ, ਲੌਸੀਨੀ ਦੀ ਤਿਮਾਰਦਾਰੀ ਤੇ ਲੌਸੀਨੀ ਦੇ ਬੱਚੇ ਦੀ ਸੰਗਤ ਨੇ ਪਾਦਰੀ ਨੂੰ ਜਲਦੀ ਹੀ ਸਹਿਤਯਾਬੀ ਵੱਲ ਮੋੜਿਆ। ਉਸ ਨੂੰ ਲੌਸੀਨੀ ਦੇ ਝੌਂਪੜੇ ਵਿੱਚ ਰਹਿੰਦਿਆਂ ਪਤਾ ਲੱਗਿਆ ਕਿ ਲੌਸੀਨੀ ਦੇ ਬੱਚੇ ਨੂੰ ਤਪੇਦਿਕ ਸੀ ਤੇ ਉਸ ਦਾ ਸਿਰਫ ਇੱਕ ਫੇਫੜਾ ਕੰਮ ਕਰਦਾ ਸੀ। ਉਹ ਬਿਮਾਰ ਬੱਚਾ ਕੁਝ ਹੀ ਦਿਨਾਂ ਦਾ ਮਹਿਮਾਨ ਸੀ। ਇਸ ਗੱਲ ਦਾ ਉਸ ਨੂੰ ਬਹੁਤ ਦੁੱਖ ਹੋਇਆ। ਡਾਕਟਰ ਅਨੁਸਾਰ ਇਹ ਲਾ-ਇਲਾਜ ਬਿਮਾਰੀ ਸੀ। ਪਾਦਰੀ ਆਪਣੀ ਤਰਫੋਂ ਬੱਚੇ ਨੂੰ ਖੁਸ਼ ਰੱਖਣ ਲਈ ਉਸ ਨੂੰ ਚੁੱਟਕਲੇ ਤੇ ਕਹਾਣੀਆਂ ਸੁਣਾਉਂਦਾ। ਬੱਚਾ ਇਨ੍ਹਾਂ ਚੁੱਟਕਲਿਆਂ ਤੇ ਕਹਾਣੀਆਂ ਨੂੰ ਸੁਣ ਕੇ ਖੂਬ ਕਿਲਕਾਰੀਆਂ ਮਾਰਦਾ। ਬੱਚੇ ਨੂੰ ਹੱਸਦਾ ਵੇਖ ਕੇ ਉਸ ਦੀ ਮਾਂ ਵੀ ਬਹੁਤ ਹੀ ਖੁਸ਼ ਹੁੰਦੀ ਤੇ ਦਿਲ ਹੀ ਦਿਲ ਵਿੱਚ ਪਾਦਰੀ ਦਾ ਸ਼ੁਕਰਾਨਾ ਕਰਦੀ। ਇੱਕ ਮਹੀਨੇ ਬਾਅਦ ਪਾਦਰੀ ਕਾਫ਼ੀ ਅੱਛਾ ਹੋ ਗਿਆ ਸੀ ਤੇ ਉਹ, ਬੱਚੇ ਤੇ ਲੌਸੀਨੀ ਤੋਂ ਛੁਟੀ ਲੈ ਕੇ ਆਪਣੇ ਚਰਚ ਨੂੰ ਵਾਪਸ ਆ ਗਿਆ ਸੀ।

ਉਧਰ ਸਕੂਲ ਦੇ ਬੱਚਿਆਂ ਨੂੰ ਹੁਣ ਚਰਚ ਵੱਲੋਂ ਨਿੱਕਰਾਂ ਤੇ ਕਮੀਜਾਂ ਪਵਾ ਦਿੱਤੀਆਂ ਗਈਆਂ ਸਨ। ਉਨ੍ਹਾਂ ਦੇ ਚਹਿਰਿਆਂ ਤੇ ਰੌਣਕ ਵੇਖ ਕੇ ਪਾਦਰੀ ਖੁਸ਼ ਹੁੰਦਾ। ਡਾਕਟਰੀ ਰਿਪੋਰਟ ਅਨੁਸਾਰ ਸਾਰੇ ਬੱਚਿਆਂ ਦਾ ਹਿਮੋਗਲੋਬਿਨ ਤਸੱਲੀਬਖਸ਼ ਹੋ ਗਿਆ ਸੀ। ਉਹ ਲੌਸੀਨੀ ਨੂੰ ਪੁੱਛਦਾ ਕਿ ਇਨ੍ਹਾਂ ਦੇ ਮੁਸਤਕਬਿਲ ਬਾਰੇ ਹੋਰ ਕੀ ਕੀਤਾ ਜਾਵੇ? ਇਸ ਸੋਚ ਵਿੱਚ ਇਹ ਦੋਵੇਂ ਮਨੁੱਖੀ ਆਗੂ ਪ੍ਰੇਸ਼ਾਨ ਰਹਿੰਦੇ।

ਰੱਬ ਦੀ ਕਰਨੀ, ਕੁਝ ਅਜੇਹੀ ਹੋਈ, ਕਿ ਇੱਕ ਸ਼ਾਮ ਨੂੰ ਲੌਸੀਨੀ ਘਬਰਾਈ ਹੋਈ Clergy ਡਿਸੋਜ਼ਾ ਪਾਸ ਭੱਜੀ ਆਈ ਤੇ ਕਿਹਾ ਕਿ ਉਸਦਾ ਬੱਚਾ ਬੜੀ ਮੁਸ਼ਕਲ ਨਾਲ ਸਾਹ ਲੈ ਰਿਹਾ ਹੈ। ਇਹ ਦੋਵੇਂ ਹੀ, ਭਾਵ Clergy ਅਤੇ ਲੌਸੀਨੀ, ਬੱਚੇ ਵੱਲ ਨੂੰ ਭਜੇ ਆਏ। ਡਾਕਟਰ Neil ਪਹਿਲਾਂ ਹੀ, ਉਥੇ ਮੌਜੂਦ ਸੀ ਅਤੇ ਬੱਚੇ ਨੂੰ ਟੂਟੀ ਲਾ ਕੇ ਦੇਖ ਰਿਹਾ ਸੀ। ਬੱਚਾ ਜਿਸਦਾ ਨਾਂ ਰੋਹਾਂਡ ਸੀ ਉਸ ਨੇ ਉੱਚੀ ਜਿਹੀ ਮਾਂ ਨੂੰ ਆਵਾਜ ਮਾਰੀ, "ਮਾਂ - ਕਿੱਥੇ ਹੈਂ ਤੂੰ?" ਉਹ ਬੋਲਦਾ ਗਿਆ, "ਮਾਂ, ਪਾਦਰੀ ਜੀ ਕਹਿੰਦੇ ਸਨ ਕਿ ਮਰਨ ਲੱਗਿਆਂ ਕੋਈ ਕਾਲੀ ਮਾਂ ਜਾਂ ਕਾਲੀ ਦੇਵੀ ਨਹੀਂ ਬਹੁੜਦੀ। ਇਹ ਪਿੰਡ ਵਾਲਿਆਂ ਦੀਆਂ ਬਣਾਈਆਂ ਹੋਈਆਂ ਗੱਲਾਂ ਹਨ। ਮਾਂ, ਮੈਨੂੰ ਲੱਗਦਾ ਹੈ ਕਿ ਕਾਲੀ ਮਾਂ ਨੇ ਪਾਦਰੀ ਜੀ ਨੂੰ ਇਹ ਕਹਿੰਦਿਆਂ ਸੁਣ ਲਿਆ ਹੋਣਾ ਹੈ ਤੇ ਉਹ ਖਫ਼ਾ ਹੋ ਗਈ ਹੋਣੀ ਹੈ। ਉਹ ਅੱਜ ਨਹੀਂ ਆਈ। ਤੂੰ ਕਿਹਾ ਸੀ ਕਿ ਉਹ ਸਾਡੀ ਰਖਸ਼ਕ ਹੈ। ਮੈਂ ਹੁਣ ਮੁਸ਼ਕਲ ਨਾਲ ਸਾਹ ਲੈ ਰਿਹਾ ਹਾਂ। ਹੁਣ ਹਰ ਪਾਸੇ ਮੈਨੂੰ ਹਨੇਰਾ ਦਿਸ ਰਿਹਾ ਹੈ। ਦੇਵੀ ਮਾਂ ਵੀ ਨਜ਼ਰ ਨਹੀਂ ਆ ਰਹੀ। ਪਾਦਰੀ ਜੀ ਕਿਥੇ ਹਨ? ਉਨ੍ਹਾਂ ਨੂੰ ਬੁਲਾਉ" ਪਾਦਰੀ ਅੱਗੇ ਵੱਲ ਨੂੰ ਝੁਕਿਆ। ਮਾਂ ਨੇ ਉਚੀ ਜਿਹਾ ਕਿਹਾ, "ਰੋਹਾਂਡ, ਪਾਦਰੀ ਜੀ ਤੇਰੇ ਪਾਸ ਹਨ। ਉਨ੍ਹਾਂ ਤੇਰਾ ਹੱਥ ਫੜਿਆ ਹੋਇਆ ਹੈ, ਤੇਰੇ ਸਿਰ ਤੇ ਹੱਥ ਫੇਰ ਰਹੇ ਹਨ।" ਡਾਕਟਰ ਨੇ ਉਸੀ ਵਕਤ ਟੂੱਟੀ ਲਾ ਕੇ ਬੱਚੇ ਦੀ ਸਵਾਸ-ਗਤੀ ਨੂੰ ਫਿਰ ਵੇਖਿਆ, ਪਰ ਉਹ ਆਖਰੀ ਸਵਾਸ ਲੈ ਚੁੱਕਿਆ ਸੀ। ਡਾਕਟਰ ਨੇ ਪਾਦਰੀ ਨੂੰ ਸੰਬੋਧਨ ਕਰਦੇ ਹੋਏ ਕਿਾ, "ਹਰ ਮਨੁੱਖ ਦੇ ਦਿਮਾਗ ਦੀ ਖੁਰਾਕ, ਪਹਿਲੀ ਗੁਲੂਕੋਜ ਹੈ ਤੇ ਦੂਜੀ ਆਕਸੀਜਨ ਹੈ। ਬੱਚੇ ਦੀ ਮਰਨ ਦੀ ਵਜ੍ਹਾ ਆਕਸੀਜਨ ਦੀ ਘਾਟ ਸੀ। ਉਸ ਦਾ ਫੇਫੜਾ ਕੰਮ ਨਹੀਂ ਸੀ ਕਰ ਰਿਹਾ।" ਪਰ ਪਾਦਰੀ ਵੱਲ ਵੇਖਦਿਆਂ ਉਸ ਨੇ ਸੇਜਲ ਅੱਖਾਂ ਤੇ ਭਰੇ ਹੋਏ ਕੰਠ ਨਾਲ ਅੰਗ੍ਰੇਜੀ ਭਾਸ਼ਾ ਵਿੱਚ ਕਿਹਾ, ਜਿਸ ਨੂੰ ਪਾਦਰੀ ਸਮਝ ਸਕਦਾ ਸੀ, ਹੋਰ ਉੱਥੇ ਹਾਜਰ ਵਿਅਕਤੀਆਂ ਵਿੱਚੋਂ ਸਾਡੀ ਜਾਨਕਾਰੀ ਅਨੁਸਾਰ ਕੋਈ ਨਹੀਂ ਸੀ ਸਮਝ ਸਕਦਾ, "Father, you have belied the faith of dying boy. You should not have spoken any thing about his faith." ਇਤਨਾ ਕਹਿ ਕੇ ਉਹ ਡਾਕਟਰ ਖਫ਼ਾ ਹੋ ਕੇ ਚਲਾ ਗਿਆ। ਪਾਠਕਾਂ ਨੂੰ ਜਿਵੇਂ ਕਿ ਪਤਾ ਹੀ ਹੈ ਕਿ ਡਾਕਟਰ ਐਂਗਲੋ ਇੰਡੀਅਨ ਸੀ ਤੇ ਉਸ ਦੇ ਮਾਤਾ ਪਿਤਾ ਵਿੱਚੋਂ ਇੱਕ ਹਿੰਦੂ ਸੀ। ਸ਼ਾਇਦ ਉਸਦੀ ਮਾਤਾ ਹਿੰਦੂ ਸੀ। ਡਾਕਟਰ ਨੂੰ ਹਿੰਦੂ ਦੇਵੀ ਦੇਵਤਿਆਂ ਨਾਲ ਅਤਿ ਦਾ ਸਨੇਹ ਸੀ। ਡਾਕਟਰ ਦੇ ਬਾਹਰ ਜਾਂਦਿਆਂ ਹੀ ਲੌਸੀਨੀ ਅੰਗ੍ਰੇਜੀ ਭਾਸ਼ਾ ਵਿੱਚ ਪਾਦਰੀ ਨੂੰ ਸੰਬੋਧਨ ਕਰਦੀ ਹੋਈ ਤੁਣਕ ਕੇ ਬੋਲੀ "Oh father, my child is forever lost & my heart is now broken. How could you do this cruel thing to my child? We have done you no harm, but only kindness. We made our house your home. You were welcome to all that we had & this is our reward."

(ਉਹ ਅੰਗ੍ਰੇਜੀ ਸਮਝ ਤੇ ਬੋਲ ਸਕਦੀ ਸੀ, ਇਸ ਗੱਲ ਦਾ ਪਾਦਰੀ ਤੇ ਡਾਕਟਰ ਕਿਸੇ ਨੂੰ ਵੀ ਨਹੀਂ ਸੀ ਪਤਾ।) ਪਾਦਰੀ ਠਠੰਬਰ ਗਿਆ। ਉਹ ਦੁੱਖੀ ਸੀ, ਪਰ ਭਾਣਾ ਵਰਤ ਚੁੱਕਾ ਸੀ। ਉਸ ਨੇ ਉੱਤਰ ਵਿੱਚ ਕਿਹਾ, "I have done wrong, I see it now; but I was only trying to do him good. In my view, he was in error. It seemed my duty to teach him the truth." ਪਰ ਲੌਸੀਨੀ ਨੇ ਰੋਂਦੀ ਅਵਾਜ ਵਿੱਚ ਜਵਾਬ ਦਿੱਤਾ, "Oh respected Clergy, I still keep you in high esteem. My son was to die & he is dead but I had told you earlier about my faith and that is what I had taught to my son all his little life about it. And now he is dead & lost forever and I am miserable. Hear me again, oh father, that our faith came to us through centruies of believing our ancestors." What right had you or had any other man to distrub our faith? Doing so, where was your honour, where was your shame? Are you not responsible for the miserable death of my young one?" ਇਨ੍ਹਾਂ ਕੁਝ ਕਹਿ ਕੇ ਲੌਸੀਨੀ ਧਾੜਾਂ ਮਾਰ-ਮਾਰ ਕੇ ਰੋਣ ਲੱਗ ਪਈ। ਪਾਦਰੀ ਬੜੇ ਦੁੱਖੀ ਹਿਰਦੇ ਨਾਲ ਉਸ ਨੂੰ ਵੇਖਦਾ ਰਿਹਾ। ਲੋਕ ਇੱਕਠੇ ਹੋ ਗਏ। ਥੋੜੀ ਦੇਰ ਬਾਅਦ ਪਾਦਰੀ ਉਥੋਂ ਚਲੇ ਗਏ ਪਰ ਝੌਂਪੜੇ ਤੋਂ ਬਾਹਰ ਜਾਣ ਲੱਗਿਆਂ, ਇੰਝ ਲੱਗਦਾ ਸੀ ਜਿਵੇਂ ਉਨ੍ਹਾਂ ਦੇ ਪੈਰ ਉਨ੍ਹਾਂ ਦਾ

ਸਾਥ ਨਹੀਂ ਸੀ ਦੇ ਰਹੇ।

ਦੋ ਦਿਨ ਪਿੰਡ ਵਿੱਚ ਉਦਾਸੀ ਰਹੀ। ਫਿਰ ਸਭ ਕੁਝ ਆਮ ਵਰਗਾ ਹੋ ਗਿਆ। ਪਰ ਪਾਦਰੀ ਡਿਸੋਜ਼ਾ ਅਜੇ ਵੀ ਇਸ ਦੁੱਖ ਭਰੀ ਘਟਨਾ ਤੋਂ ਬਾਹਰ ਨਹੀਂ ਸੀ ਆ ਸਕੇ। ਕੁਝ ਦਿਨ ਗੁਜ਼ਰ ਗਏ। ਇੱਕ ਦਿਨ ਅਚਨਚੇਤ ਹੀ ਪਾਦਰੀ ਨੇ ਮੈਨੂੰ ਬੁਲਾਵਾ ਭੇਜਿਆ। ਮੈਂ ਉਨ੍ਹਾ ਨੂੰ ਸ਼ਾਮ ਵੇਲੇ ਮਿਲਣ ਗਿਆ। ਥੋੜੀ ਆਉ-ਭਾਉ ਤੋਂ ਬਾਅਦ, ਉਨ੍ਹਾਂ ਕਹਿਣਾ ਸ਼ੁਰੂ ਕੀਤਾ, "I am from Ohio, USA, ਮੈਂ ਅਮਰੀਕਾ ਵਿੱਚ ਦੀ Kent State University ਤੋਂ Biology, Science, Philosphy ਅਤੇ Comperative Religious Studies ਵਿੱਚ ਡਿਗਰੀ ਲਈ । ਮੇਰੀ ਬਚਪਨ ਤੋਂ ਹੀ ਇਹ ਖਾਹਿਸ਼ ਸੀ ਕਿ ਮੈਂ ਆਪਣੀ ਜਿੰਦਗੀ ਨੂੰ ਧਾਰਮਕ ਕੰਮਾਂ ਪਾਸੇ ਲਾਈ ਰੱਖਾਂ। ਮੈਂ ਸੋਚਦਾ ਸੀ ਕਿ ਮੈਂ ਹਿੰਦੁਸਤਾਨ ਜਾ ਕੇ ਇੱਕ ਧਾਰਮਕ ਵਿਸ਼ੇ ਤੇ ਕਿਸੇ ਯੂਨੀਵਰਸਿਟੀ ਵਿੱਚ ਪੜਾਉਣਾ ਸ਼ੁਰੂ ਕਰ ਸਕਾਂ। ਪਰ ਮੇਰੇ ਹਾਲਾਤ ਕੁਝ ਬਦਲ ਗਏ ਅਤੇ ਮੈਨੂੰ ਚਰਚ ਆਫ਼ ਇੰਗਲੈਂਡ ਦੇ ਝੰਡੇ ਥਲੇ ਪਾਦਰੀ ਦੀ ਨੌਕਰੀ ਮਿਲੀ। ਮੇਰੀ ਪਹਿਲੀ ਪੋਸਟਿੰਗ ਚਰਚ ਮਿਸ਼ਨ ਸਕੂਲ ਅੰਮ੍ਰਿਤਸਰ ਵਿੱਚ ਹੋਈ ਅਤੇ ਮੈਂ ਉੱਥੇ ਅੱਠ ਸਾਲ ਰਿਹਾ, ਇਸਤੋਂ ਬਾਅਦ ਮੈ ਹੋਰ ਕਈ ਥਾਵਾਂ ਤੇ ਕੰਮ ਕੀਤਾ।" ਉਹ ਬੋਲਦੇ ਗਏ, "ਪੁਸ਼ਪਾਲ ਦੇ ਹਿੰਦੂ ਮੰਦਰ ਵਿੱਚ ਪਹਿਲਾਂ ਚਾਰ ਪੁਜਾਰੀ ਸਨ। ਇਥੇ ਚੜ੍ਹਾਵਾ ਜਿਆਦਾ ਚੜ੍ਹਦਾ ਸੀ। ਇਸ ਲਈ ਮੰਦਰ ਦੇ ਪੁਜਾਰੀਆਂ ਨੇ, ਆਪਣੇ ਰਿਸ਼ਤੇਦਾਰਾਂ ਨੂੰ ਪੁਸ਼ਪਾਲ ਮੰਗਵਾ ਭੇਜਿਆ। ਇਹ ਉਹ ਰਿਸ਼ਤੇਦਾਰ ਸਨ ਜਿਹੜੇ ਅਨਪੜ੍ਹ ਅਤੇ ਵਿਹਲੇ ਸਨ, ਭਾਵ ਉਨ੍ਹਾਂ ਪਾਸ ਕੋਈ ਕੰਮ ਕਾਰ ਨਹੀਂ ਸੀ। ਹੁਣ ਇਹ ਅਨਪੜ੍ਹ ਮੰਦਰ ਦੇ ਪੁਜਾਰੀ ਨਿਯੁਕਤ ਹੋ ਗਏ। ਪਰ ਜਦੋਂ ਇਥੇ ਦੇ ਲੋਕਾਂ ਵਿੱਚ ਲੌਸੀਨੀ ਨੇ ਜਾਗ੍ਰਿਤੀ ਪੈਦਾ ਕੀਤੀ ਤਾਂ, ਮੰਦਰ ਵੱਲ ਨੂੰ ਲੋਕਾਂ ਨੇ ਜਾਣਾ ਘਟਾ ਦਿੱਤਾ, ਜਿਸਦੇ ਫਲਸਰੂਪ ਮੰਦਰ ਦੀ ਆਮਦਨ ਵਿੱਚ ਖਾਸਾ ਫਰਕ ਪੈ ਗਿਆ।" ਇਹ ਵਿਹਲੜ ਹੀ ਮੈਨੂੰ ਕੁੱਟ ਗਏ ਸਨ।

ਦੁਨੀਆ ਭਰ ਦੇ ਈਸਾਈ ਧਰਮ ਦੇ ਸੰਚਾਲਕ Pope ਹਨ ਜੋ Vetican city (Rome) ਵਿੱਚ ਰਹਿੰਦੇ ਹਨ। Vetican ਦੇ ਦਫ਼ਤਰ ਵਿੱਚ ਹੀ ਇਹ ਨਿਸ਼ਚਾ ਕੀਤਾ ਜਾਂਦਾ ਹੈ, ਕਿ ਈਸਾਈ ਜਗਤ ਵਿੱਚ ਕਿਤਨੇ ਕੁ ਚਰਚ ਚਾਹੀਦੇ ਹਨ ਤੇ ਕਿਤਨੇ ਕੁ ਧਾਰਮਕ ਪੁਜਾਰੀਆਂ ਦੀ ਇਨ੍ਹਾਂ ਚਰਚਾਂ ਲਈ ਲੋੜ ਹੈ। ਸਾਰੇ ਹੀ ਪਾਦਰੀ, ਜੋ ਇਨ੍ਹਾਂ ਚਰਚਾਂ ਦੇ ਸੰਚਾਲਕ ਹੁੰਦੇ ਹਨ, ਉਹ ਚੰਗੇ ਖਾਸੇ ਵਿਦਵਾਨ ਲੋਕ ਹੁੰਦੇ ਹਨ ਅਤੇ ਇਨ੍ਹਾਂ ਲਈ Comparative Religious Studies ਤੋਂ ਇਲਾਵਾ Science, Biology Philosphy ਵਿਸ਼ੇ ਨੂੰ ਪੜ੍ਹਨਾ ਜਰੂਰੀ ਹੁੰਦਾ ਹੈ। ਇਸ ਤੋਂ ਇਲਾਵਾ ਹਰ ਦੋ ਸਾਲ ਬਾਅਦ ਇਹਨਾਂ ਪਾਦਰੀਆਂ ਨੂੰ ਵੱਖਰੇ ਵੱਖਰੇ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਵਕਗਿਕਤੀਕਗ Courses ਵੀ ਕਰਨੇ ਪੈਂਦੇ ਹਨ। ਸਭ ਕੰਮਾਂ ਉੱਪਰ ਪੋਪ ਦੇ ਦਫ਼ਤਰ ਦਾ ਕੰਟਰੋਲ ਹੁੰਦਾ ਹੈ। (Vatican controls the religious activities of Christian religion). Dr. Neil ਨੂੰ ਤੁਸੀਂ ਜਾਣਦੇ ਹੀ ਹੋ। ਉਸ ਦੇ ਪਿਤਾ British ਫੌਜ ਵਿੱਚ ਅਫ਼ਸਰ ਸਨ, ਜੋ ਸਕਾਟਲੈਂਡ ਤੋਂ ਸਨ ਅਤੇ ਬਰਮਾ ਨਾਲ ਲੜਾਈ ਵੇਲੇ ਮਾਰੇ ਗਏ ਸਨ। ਉਨ੍ਹਾਂ ਦੀ ਮਾਂ ਬੰਗਾਲੀ ਬ੍ਰਾਹਮਣ ਘਰਾਨੇ ਤੋਂ ਸੀ । ਡਾਕਟਰ Neil Onees ਨੂੰ ਜੋ ਜਾਣਕਾਰੀ ਆਪਣੀ ਮਾਂ ਤੋਂ, ਆਪਣੇ ਹਿੰਦੂ ਮਤ ਦੇ ਦੇਵੀ ਦੇਵਤਿਆਂ ਬਾਰੇ ਮਿਲੀ ਹੈ, ਉਸ ਸਭ ਕੁਝ ਨੂੰ ਉਹ ਭੁਲਾ ਨਹੀਂ ਸਕਿਆ। ਮੈਂ ਬੰਗਾਲ ਵਿੱਚ ਵਸਦੇ ਆਦਿਵਾਸੀਆਂ ਵਿੱਚ ਰਿਹਾ ਹਾਂ। ਉਹ ਵੀ ਨੰਗੇ ਰਹਿੰਦੇ ਸਨ। 70% ਲੋਕਾਂ ਨੇ ਕਪੜੇ ਪਾਉਣਾ ਸ਼ੁਰੂ ਕਰ ਦਿੱਤੇ ਤੇ ਉਹ 70% ਲੋਕ ਈਸਾਈ ਵੀ ਬਣ ਗਏ ਸੀ, ਪਰ ਇੱਕ ਅਨੁਮਾਨ ਮੁਤਾਬਕ ਇਨ੍ਹਾਂ ਵਿੱਚੋਂ 60% ਲੋਕ, ਰਾਤ ਦੇ ਸਮੇਂ ਆਪਣੇ ਠਾਕਰਾਂ ਨੂੰ ਇਸ਼ਨਾਨ ਤੇ ਭੋਗ ਕਰਾਉਣ ਤੋਂ ਬਾਅਦ ਹੀ ਆਪ ਰੋਟੀ ਖਾਂਦੇ ਹਨ। ਇਨ੍ਹਾਂ ਦੇ ਆਪਣੇ ਵੱਖਰੇ ਗਰੁੱਪ ਤੇ ਦੇਵਤੇ ਹਨ। ਇਨ੍ਹਾਂ ਦੇ ਮੰਦਰਾਂ ਦੇ ਪੁਜਾਰੀ, ਇਨ੍ਹਾਂ ਨੂੰ ਸਿਖਸ਼ਤ ਹੋਣ ਤੋਂ ਰੋਕਦੇ ਹਨ।

ਮੈਂ ਇਥੋਂ ਕਲ ਸਵੇਰੇ ਨੂੰ ਆਪਣੀ ਜੀਪ ਵਿੱਚ ਬੈਠ ਕੇ Port Blair ਵੱਲ ਨੂੰ ਚਲਾ ਜਾਵਾਂਗਾ ਤਾਂ ਕਿ ਉਥੇ ਟਾਪੂਆਂ ਦੇ ਲੋਕਾਂ ਵਿੱਚ ਸਭਿੱਅਤਾ ਦੇ ਬੀਜ ਬੋ ਸਕਾਂ। ਮੇਰਾ ਪਹਿਲਾ ਉਤਾਰਾ ਨਿਕੋਬਾਰ ਜ਼ਜ਼ੀਰੇ ਵਿੱਚ ਹੈ।

ਪਰ ਇਸ ਵਕਤ, 'Mr. Singh', ਮੈਂ ਤੁਹਾਨੂੰ ਇਸ ਕਰਕੇ ਬੁਲਾਇਆ ਹੈ ਕਿ ਤੁਸੀਂ ਮੇਰੀ ਗੱਲ ਸੁਣ ਲਉ। ਮੈਂ ਤੁਹਾਡੇ ਸਾਹਮਣੇ Confession ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਮੈਂ ਲੌਸ਼ੀਨੀ ਦੇ ਬੱਚੇ ਦਾ ਵਿਸ਼ਵਾਸ਼ ਉਸ ਦੇ ਧਾਰਮਿਕ ਨਿਸ਼ਚਿਆਂ ਵਿਚੋਂ ਹਟਾਉਣ ਦੀ ਗਲਤੀ ਕਰਨ ਦਾ ਅਪਰਾਧੀ ਖੁਦ ਨੂੰ ਮਹਿਸੂਸ ਕਰਨ ਲੱਗ ਪਿਆ

ਹਾਂ। Confession ਆਮ ਤੌਰ ਤੇ ਇਸਾਈ ਲੋਕ ਕਿਸੇ ਪਾਦਰੀ ਅੱਗੇ ਕਰਦੇ ਹਨ, ਪਰ ਮੇਰੇ ਪਾਸ ਤੁਸੀਂ ਇੱਕ ਐਸੇ ਧਾਰਮਕ ਵਿਅਕਤੀ ਦੇ ਰੂਪ ਵਿੱਚ ਬੈਠੇ ਹੋ, ਜਿਸ ਨੂੰ ਮੈਂ ਕਦੀਂ ਵੀ ਆਪਣੇ ਗੁਰੂ ਤੇ ਰੱਖੇ ਨਿਸ਼ਚੇ ਤੋਂ ਡਿਗਦਿਆਂ ਨਹੀਂ ਵੇਖਿਆ। ਤੁਹਾਨੂੰ ਵੇਖ ਕੇ ਮੇਰਾ ਜੀ ਕੀਤਾ ਕਿ ਮੈਂ ਆਪਣੇ ਆਪ ਨੂੰ ਆਪਣੇ ਭਾਵਾਤਮਕ ਬੋਝਾਂ ਤੋਂ ਆਜ਼ਾਦ ਕਰਨ ਲਈ ਤੁਹਾਡੇ ਸਾਹਮਣੇ ਹੀ Confession ਕਰ ਲਵਾਂ। ਤੁਹਾਡੇ ਜਿਹੇ ਮਨੁੱਖ ਅੱਗੇ Confession ਜਾਂ ਪਸ਼ਚਾਤਾਪ ਕਰਨਾ ਕੋਈ ਗਲਤੀ ਨਹੀਂ, ਪ੍ਰਭੂ ਕਰਮ ਹੈ। ਮੇਰੇ ਇਸ ਕਰਮ ਨੂੰ ਤੁਸੀਂ Catharasis ਵੀ ਕਹਿ ਸਕਦੇ ਹੋ। ਗਲਤੀ ਮੰਨ ਲੈਣਾ ਸਾਡਾ ਇਖਲਾਕੀ ਫਰਜ਼ ਹੈ। "

ਉਹ ਬੋਲਦੇ ਗਏ, "ਲੌਸ਼ੀਨੀ ਤੋਂ ਮੈਨੂੰ ਬਹੁਤ ਕੁਝ ਸਿਖਣ ਨੂੰ ਮਿਲਿਆ ਹੈ, ਮੈਂ ਉਸ ਦਾ ਆਭਾਰੀ ਹਾਂ। ਮੈਨੂੰ ਜਿੰਦਗੀ ਦੇ ਆਖਰੀ ਪੜਾਅ ਵਿੱਚ ਇਹ ਸਮਝ ਆ ਰਹੀ ਹੈ ਕਿ ਮਨੁੱਖੀ ਤਕਲੀਫਾਂ ਦਾ ਹਲ ਮਜ਼ਹਬ ਬਦਲੀ ਕਰਨ ਵਿੱਚ, ਬਿਲਕੁੱਲ ਹੀ ਨਹੀਂ ਹੈ। ਸਾਡੀ ਇਸ ਧਰਤੀ ਉੱਪਰ ਵਸਦੇ ਹਰ ਮਨੁੱਖ ਲਈ, ਕਪੜਾ, ਪੌਸ਼ਟਿਕਤਾ ਤੇ ਤਾਲੀਮ ਦੀ ਲੋੜ ਹੈ। ਇਨ੍ਹਾਂ ਦੀ ਅਣਹੋਂਦ ਹੀ ਮਨੁੱਖੀ ਤਕਲੀਫਾਂ ਦਾ ਕਾਰਨ ਹੈ। ਧਰਮ ਦਾ ਹੋਣਾ ਅਤਿ ਜਰੂਰੀ ਹੈ। ਪਰ ਧਰਮ ਬਦਲਾਉਣ ਦੀਆਂ ਚਾਲਾਕ ਮਨੁੱਖੀ ਚਾਲਾਂ, ਇਹ ਮਨੁੱਖੀ ਸ਼ੋਸ਼ਣ ਹਨ। ਮੈਂ ਇਸ ਬਾਰੇ, ਆਪਣੇ ਪੋਪ ਨੂੰ ਆਪਣੀ ਲਿਖਤੀ ਰਿਪੋਰਟ ਭੇਜ ਰਿਹਾ ਹਾਂ। ਇਸਾਈ ਮੱਤ ਸਾਨੂੰ ਆਪਣੇ ਵਿਚਾਰ ਅਰਦਾਨ-ਪ੍ਰਦਾਨ ਕਰਨ ਦੀ ਪੂਰੀ ਖੁੱਲ ਦਿੰਦਾ ਹੈ। ਮੇਰੇ ਵਿਚਾਰਾਂ ਦੀ ਉਥੋਂ ਦੇ ਰਿਸਾਲਿਆਂ ਵਿੱਚ ਚਰਚਾ ਹੋਵੇਗੀ। ਇੱਕ ਖਾਸ ਗੱਲ ਜੋ ਮੈਂ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ, ਉਹ ਇਹ ਹੈ ਕਿ, "ਮੌਤ ਸਮੇਂ ਕੋਈ ਵੀ ਦੇਵ ਰੂਪੀ ਸ਼ਖਸ਼ੀਅਤ ਕਿਸੇ ਵੀ ਪ੍ਰਾਣੀ ਨੂੰ ਨਹੀਂ ਬਹੁੜਦੀ। ਮੌਤ ਕਦੋਂ ਅਤੇ ਕਿਵੇਂ ਆਉਂਦੀ ਹੈ, ਕਿਸੇ ਨੂੰ ਵੀ ਪਤਾ ਨਹੀਂ ਲੱਗ ਸਕਦਾ। " ਇਹ ਸਭ ਗੱਲਾਂ ਕਰਨ ਤੋਂ ਬਾਅਦ ਫਾਦਰ ਡਿਸੋਜਾ ਨੇ ਮੈਨੂੰ ਪਿਆਰ ਕੀਤਾ। ਮੈਂ ਅਦਬ ਵਜੋਂ ਉਨ੍ਹਾਂ ਅੱਗੇ ਝੁਕਿਆ ਪੈਰੀਂ ਪੈਣਾ ਕੀਤਾ। ਮੇਰੀਆਂ ਅੱਖਾਂ ਤੋਂ ਵਿਛੋੜੇ ਵਾਲੇ ਹੰਝੂ ਵੱਗ ਰਹੇ ਸਨ। ਭਰੇ ਗਲੇਡੂਆਂ ਨਾਲ ਜੱਦ ਮੈਂ ਉਨ੍ਹਾਂ ਨੂੰ ਸ਼ੁਭ ਰਾਤਰੀ ਕਹਿਣੀ ਚਾਹੀ, ਤਾਂ ਮੇਰੀ ਆਵਾਜ ਮੇਰੇ ਹਲਕ ਵਿੱਚ ਹੀ ਦੱਬ ਗਈ। ਡਾਕਟਰ ਡਿਸੋਜਾ ਨੇ ਮੈਨੂੰ ਘੁੱਟ ਕੇ ਜਫ਼ੀ ਪਾ ਲਈ। ਉਨ੍ਹਾਂ ਦੀਆਂ ਨੀਲੀਆਂ ਅੱਖਾਂ ਵਿੱਚ ਹੰਝੂਆਂ ਕਾਰਨ, ਲਾਲ ਡੋਰੀਆਂ ਆ ਗਈਆਂ ਸਨ। ਡਿਸੋਜਾ ਸਾਹਿਬ ਨਾਲ ਮੇਰੀ ਮੁਲਾਕਾਤ ਜਨਵਰੀ 1953 ਈਸਵੀ ਵਿੱਚ ਹੋਈ ਸੀ। ਉਨ੍ਹਾਂ ਦੀ ਸਖਸ਼ੀਅਤ ਨੂੰ ਮੈਂ 6 ਅਗਸਤ, 1953 ਤੱਕ ਮਾਣਦਾ ਰਿਹਾ।

7 ਅਗਸਤ ਨੂੰ ਪਾਦਰੀ ਡਿਸੋਜਾ Port Blair ਵੱਲ ਰਵਾਨਾ ਹੋ ਗਏ। ਇਸ ਇਲਾਕੇ ਨੂੰ ਕਾਲੇ ਪਾਣੀ ਕਰਕੇ ਵੀ ਜਾਣਿਆ ਜਾਂਦਾ ਹੈ। ਇਥੋਂ ਦੇ ਆਦਿਵਾਸੀ ਵੀ ਅਫ਼ਰੀਕਨ ਹਬਸ਼ੀਆਂ ਦੀ ਤਰ੍ਹਾਂ ਬਹੁਤ ਹੀ ਕਾਲੇ ਪਰ ਖ਼ੂੰਕਾਰ ਕਿਸਮ ਦੇ ਲੋਕ ਸਨ। ਉਹ ਨੰਗ-ਧੜੰਗੇ ਰਹਿੰਦੇ ਸਨ। ਇਨ੍ਹਾਂ ਦੇ ਮੰਦਰਾਂ ਦੇ ਪੁਜਾਰੀ ਇਥੋਂ ਦੇ ਵਸਨੀਕਾਂ ਨੂੰ ਬਾਹਰਲੇ ਮਨੁੱਖਾਂ ਨਾਲ ਮਿਲਣ ਜੁਲਣ ਦੇ ਖਿਲਾਫ਼ ਸਨ।

ਪੁਸ਼ਪਾਲ ਵਿੱਚ, ਅਜੇ ਪਾਦਰੀ ਡਿਸੋਜਾ ਦੀਆਂ ਯਾਦਾਂ ਤਾਜ਼ਾ ਹੀ ਸਨ ਕਿ ਅਚਾਨਕ 21 ਅਗਸਤ, 1953 ਦੇ ਅੰਗ੍ਰੇਜੀ ਅਖਬਾਰ Amrita Bazar Patrika ਦੇ ਸਤਵੇਂ ਸਫ਼ੇ ਤੇ, ਮੈਂ ਇੱਕ ਖਬ਼ਰ ਪੜ੍ਹੀ, ਕਿ ਪੋਰਟ ਬਲੇਅਰ ਦੇ ਆਦਿਵਾਸੀਆਂ ਦੇ ਧਰਮ ਪੁਜਾਰੀਆਂ ਨੇ, ਉਥੇ ਬਣਦੇ ਇੱਕ ਚਰਚ ਉੱਤੇ ਹਮਲਾ ਕਰਕੇ, ਜ਼ਹਿਰੀਲੇ ਤੀਰਾਂ ਨਾਲ ਸੱਤ ਈਸਾਈ ਪੁਜਾਰੀਆਂ ਨੂੰ ਜਾਨੋਂ ਮਾਰ ਦਿੱਤਾ ਹੈ। ਇਨ੍ਹਾਂ ਪਾਦਰੀਆਂ ਦੀ ਟੀਮ ਦੇ ਮੁੱਖੀ ਡਾ. ਡਿਸੋਜਾ ਜਿਨ੍ਹਾਂ ਦੀ ਉਮਰ 78 ਸਾਲਾਂ ਦੀ ਸੀ । ਮਰਨ ਲੱਗਿਆਂ ਉਹ ਆਪਣੇ ਮਾਰਨ ਵਾਲਿਆਂ ਲਈ ਪ੍ਰਾਥਨਾ ਕਰ ਰਹੇ ਸਨ।

ਇਹ ਦੁਖਦਾਈ ਖਬਰ ਸੁਣ ਕੇ ਭਾਵੇ ਪੂਰੇ ਪੁਸ਼ਪਾਲ ਵਿੱਚ ਉਦਾਸੀ ਛਾ ਗਈ ਸੀ, ਪਰ ਉਨ੍ਹਾਂ ਦੇ ਚਾਲੂ ਕੀਤੇ ਸਕੂਲ ਦੇ ਬੱਚਿਆਂ ਦਾ ਰੋ-ਰੋ ਕੇ ਬੁਰਾ ਹਾਲ ਸੀ। ਲੱਗਦਾ ਹੈ ਲੌਸੀਨੀ ਇਹ ਖਬ਼ਰ ਸੁਣ ਕੈ ਅਪਣਾ ਦਿਮਾਗੀ ਸੰਤੁਲਨ ਖੋ ਬੈਠੀ ਸੀ, ਉਹ ਰੋਂਦੀ ਕੁਰਲਾਉਂਦੀ ਤੇ ਉੱਚੀ ਉੱਚੀ ਬੋਲਦੀ ਸੀ ਕਿ Why any body needed killing a person like Anglican Disouza?

ਇਕ ਮਹਾਨ ਧਾਰਮਕ ਆਗੂ ਨੂੰ ਉਨ੍ਹਾਂ ਕਿਉ ਮਾਰਨਾ ਚਾਹਿਆ ਕਿਉ

ਪਾਠਕ ਇਸ ਬਾਰੇ ਆਪ ਫ਼ੈਸਲਾ ਕਰਨ

9417924009

****

ਧੰਨ ਧੰਨ ਗੁਰੂ ਨਾਨਕ ਆਇਆ



ਲਾਲ ਸਿੰਘ ਕਲਸੀ

ਇਕ ਸਮੇਂ 'ਚ ਕਹਿਰ ਦੇ ਬੱਦਲ ਕੂੜ ਦਾ ਹਨੇਰਾ, ਪਾਪ ਦੀ ਆਂਧੀ, ਬੰਦੇ ਨੂੰ ਬੰਦਾ ਹੀ ਖਾ ਰਿਹਾ ਸੀ, ਜਾਣੀ ਅਰਬਦ-ਨਰਬਦ ਧੁੰਦੂਕਾਰਾ। ਲੋਕਾਈ ਦੀ ਕੁਰਲਾਹਟ ਇਨਸਾਫ ਲਈ ਕੂਕ-ਪੁਕਾਰ, ਬੇ-ਇਨਸਾਫੀ ਦੇ ਪਸਾਰੇ ਦੀ ਚੀਖ ਅਕਾਲ ਪੁਰਖ ਦੇ ਦਰਬਾਰ ਤੱਕ ਪੁੱਜ ਗਈ। ਸਿੰਘਾਸਨ ਡੋਲਿਆ, ਤਹਿਕੀਕਾਤ ਲਈ ਦੂਤ ਦੁੜਾਏ, ਖਬਰ ਮਿਲੀ, ਉਪੱਦਰ ਦੀ ਆਖਿਰ ਹੋ ਗਈ ਸੀ, ਸ੍ਰਿਸ਼ਟੀ ਦੇ ਸੰਚਾਲਕ ਨੇ ਫਿਕਰ ਕੀਤਾ, ਮਸ਼ਵਰੇ ਕੀਤੇ, ਰਮਜ਼ਾਂ ਸਾਂਝੀਆਂ ਕੀਤੀਆਂ, ਫੈਸਲਾ ਹੋਇਆ, ਕਲ ਤਾਰਣ ਲਈ 'ਨਾਨਕ' ਨੂੰ ਭੇਜਿਆ ਜਾਵੇ। ਉਹ ਨਾਨਕ ਜੋ ਸ਼ਾਂਤੀ ਦਾ ਪੁੰਜ, ਅੱਲ੍ਹਾ ਦਾ ਪੁਜਾਰੀ, ਅਕਾਲ ਪੁਰਖ ਦੇ ਦੂਤ ਵਜੋਂ ਉਸਦਾ ਹੀ ਰੂਪ ਦਿੱਬ-ਦ੍ਰਿਸ਼ਟੀ ਵਾਲਾ, ਦੀਨ-ਦੁਖੀ ਦਾ ਦਰਦ ਪਛਾਨਣ ਵਾਲਾ, ਸਬਰ-ਸੰਤੋਖ ਦਾ ਕੁੰਡ, ਮਨੁੱਖਤਾ ਦਾ ਯਾਰ, ਗਰੀਬਾਂ ਤੇ ਦੁਖੀਆਂ ਦਾ ਹਮਦਰਦ, ਅਨਥੱਕ ਕਿਰਤੀ, ਕੁੱਲ ਲੁਕਾਈ ਦਾ ਭਰਮਣ ਕਰਨ ਦੇ ਸਮਰੱਥ, ਭੁੱਲਿਆਂ ਨੂੰ ਰਾਹ ਪਾਉਣ ਵਾਲਾ, ਹੰਕਾਰੀਆਂ ਦਾ ਹੰਕਾਰ ਨੀਵਾਂ ਕਰਨ ਵਾਲਾ, ਚੇਤੰਨ ਬੁੱਧੀ ਨਾਲ ਕਰੂਰਤਾ ਭਰੇ ਮਨ ਜਿੱਤਣ ਵਾਲਾ, ਹਕੀਕੀ ਤੇ ਮਿਜਾਜ਼ੀ ਦੀ ਰਮਜ਼ ਪਛਾਨਣ ਵਾਲਾ, ਮੌਕੇ ਦੇ ਸ਼ਾਸਕਾਂ ਨੂੰ ਖਰੀਆਂ ਖਰੀਆਂ ਸੁਣਾਕੇ ਵੰਗਾਰਨ ਵਾਲਾ, ਹਕੀਕੀ ਜਿੰਦਗੀ ਜੀਣ ਵਾਲਾ, ਰੋਗੀਆਂ ਦੇ ਕਸ਼ਟ ਨਿਵਾਰਨ ਵਾਲਾ, ਇਕ ਨਜ਼ਰ ਨਾਲ ਪੂਰੀ ਕਾਇਨਾਤ ਨੂੰ ਤਾਰਨ ਦੀ ਸਮਰੱਥਾ ਰੱਖਣ ਵਾਲਾ, ਮਾਤਾ ਤ੍ਰਿਪਤਾ ਦੀ ਕੁੱਖ ਦਾ ਚਾਨਣ, ਪਿਤਾ ਮਹਿਤਾ ਕਾਲੂ ਜੀ ਦੀ ਅੱਖ ਦਾ ਤਾਰਾ ਬਣਕੇ ਰਾਇ ਭੋਇ ਦੀ ਤਲਵੰਡੀ ਵਿਖੇ ਅੱਜ ਤੋਂ 550 ਸਾਲ ਪਹਿਲਾਂ (ਨਨਕਾਣਾ ਸਾਹਿਬ ਵਿਖੇ ਹੁਣ ਪਾਕਿਸਤਾਨ) ਆਣ ਪ੍ਰਗਟ ਹੋਏ ਬਾਬਾ ਨਾਨਕ। ਕਲੀਆਂ ਮਹਿਕ ਉਠੀਆਂ, ਫੁੱਲ ਪੂਰੀ ਗੁਲਜ਼ਾਰ ਅਤੇ ਬਹਾਰ ਵਿੱਚ ਖਿੜ ਉੱਠੇ। ਉਪਮਾਂ ਹੋਈ, ਦਾਈ ਨੇ ਚਮਕਦਾ ਨੂਰੀ ਮੁੱਖੜਾ ਵੇਖਕੇ ਸਜਦਾ ਕੀਤਾ, ਕਾਲੂ ਜੀ ਤੋਂ ਵੱਖਰੀ ਵਧਾਈ ਲਈ ਤੇ ਫੁਰਮਾਇਆ-ਗਾਉਣ ਗਾਇਆ, ਅਕਾਸ਼ੀ ਚੰਨ ਨੂੰ ਸੰਬੋਧਿਤ ਹੁੰਦਿਆਂ ਕਹਿੰਦੀ-

'ਇਹ ਚੰਨ ਜੋ ਅਕਾਸ਼ੀ ਹੈ-, ਇਹ ਚੰਨ ਜੋ ਅਕਾਸ਼ੀ ਹੈ.....,

ਨੂਰ ਲੈ ਕੇ ਨਾਨਕ ਤੋਂ, ਕੀਤੀ ਪੂਰਨਮਾਸ਼ੀ ਹੈ-, ਨੂਰ ਲੈ ਕੇ ਨਾਨਕ ਤੋਂ.....।

ਬੀਬੀ ਨਾਨਕੀ ਦੇ ਚਾਅ ਨਹੀਂ ਸਨ ਚੁੱਕੇ ਜਾਂਦੇ। ਵੀਰ ਨੂੰ ਲਡਾਉਂਦੀ, ਖਿਡਾਉਂਦੀ, ਪਿਆਰਦੀ ਅਤੇ ਦੁਲਾਰਦੀ, ਇਕ ਪਲ ਵੀ ਅੱਖੋਂ ਓਹਲੇ ਨਹੀਂ ਸੀ ਕਰਦੀ, ਨੂਰੀ ਚਿਹਰੇ ਨੂੰ ਚੁੰਨੀ ਨਾਲ ਢੱਕਕੇ ਰੱਖਦੀ, ਭੈੜੀ ਨਜ਼ਰ ਤੋਂ ਛੁਪਾਕੇ ਰੱਖਦੀ, ਭੈਣ ਦਾ ਅਨੋਖਾ ਵੀਰ ਤੇ ਵੀਰ ਦੀ ਅਨੋਖੀ ਭੈਣ-ਬੀਬੀ ਨਾਨਕੀ....।

ਨਾਨਕ ਜੀ ਵੱਡੇ ਹੋਏ, ਪਾਂਧੇ ਕੋਲ ਪੜ੍ਹਨੇ ਪਾਉਣ ਗਏ ਤਾਂ ਉਸਨੂੰ ਹਕੀਕਤ ਅੱਲ੍ਹਾ ਦੀ ਰਮਜ਼ '੧ਓ' ਦਾ ਪਾਠ ਪੜ੍ਹਾ ਆਏ। ਜੰਞੂ ਦੀ ਗੱਲ ਚੱਲੀ, ਰੀਤ ਅਤੇ ਰਵਾਇਤ ਦੀ ਰਮਜ਼ ਪੁੱਛੀ, ਜੰਞੂ ਪਾਉਣ ਦਾ ਕਾਰਣ ਪੁੱਛਿਆ ਤਾਂ ਪਾਂਧਾ ਚੁੱਪ ਸੀ। ਨਾਨਕ ਜੀ ਨੇ ਸੂਤਰ ਦੇ ਧਾਗੇ ਦੇ ਜੰਞੂ ਨਾਲੋਂ ਧਰਮ, ਸਤੁ ਅਤੇ ਸੰਤੋਖ ਦਾ ਜੰਞੂ ਪਾਉਣ ਲਈ ਪੁੱਛਿਆ, "ਪਾਂਧਾ ਜੀ ਕੀ ਹੈ ਵੇ ਅਜਿਹਾ ਜੰਞੂ....? ਜੇ ਹੈ ਤਾਂ ਪਾ ਦਿਓ....।" ਮੱਝਾਂ ਚਾਰਨ ਗਏ ਪਸ਼ੂਆਂ ਖੇਤੀ ਉਜਾੜ ਦਿੱਤੀ, ਸ਼ਿਕਾਇਤ ਹੋਈ, ਪਰ ਪਸ਼ੂਆਂ ਤਾਂ ਕੂੜ ਦਾ ਚਾਰਾ ਹੀ ਚੁਗਿਆ ਸੀ, ਧਰਮ ਦੀ ਖੇਤੀ ਤਾਂ ਲਹਿਲਿਹਾਂਦੀ ਹਰੀ-ਭਰੀ ਖੜੀ ਸੀ। ਨਾਨਕ ਜੀ ਸਮਾਜ ਵਿੱਚ ਵਿਚਰੇ, ਸੰਗੀ-ਸਾਥੀ ਬਣਾਏ, ਨਹੀਂ ਵੇਖੀ ਜਾਤ-ਪਾਤ, ਨਹੀਂ ਵੇਖੀ ਅਮੀਰੀ-ਗਰੀਬੀ,

'ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" ਵਖਿਆਨ ਨੂੰ ਸਾਬਤ ਕੀਤਾ, ਜਾਤ-ਪਾਤ ਦਾ ਖੰਡਨ ਕੀਤਾ। ਸਮਾਜ ਵਿੱਚ ਪ੍ਰੀਵਾਰ ਵਿੱਚ ਖੱਚਤ ਨਹੀਂ ਹੋਏ। ਅਕਾਲ ਪੁਰਖ ਦੀ ਰਚੀ ਹੋਈ ਸ੍ਰਿਸ਼ਟੀ ਦਾ ਭੇਦ ਜਾਣਦਿਆਂ ਲੋਕਾਈ ਨੂੰ ਸਮਝਾਉਣ ਤੁਰ ਪਏ। ਬਾਲੇ-ਮਰਦਾਨੇ ਨੂੰ ਚੇਤੰਨ ਕਰਦਿਆਂ ਉਚਾਰਦੇ, "ਭਾਈ ਮਰਦਾਨਿਆਂ ਰਬਾਬ ਵਜਾਅ, ਅਕਾਲ ਪੁਰਖ ਦੀ ਉਸਤਤ ਗਾਂਵੀਏ, ਬਾਣੀ ਆਈ ਹੈ।" ਜਿਥੇ ਵੀ ਜਾਂਦੇ, ਜੇਹਾ ਦੇਸ, ਤੇਹਾ ਭੇਸ ਬਣਾ ਲੈਂਦੇ। ਕੀ ਬੰਗਾਲ ਦੀਆਂ ਜਾਦੂਗਰਨੀਆਂ, ਕੀ ਕੌਡਾ ਰਾਖਸ਼ ਤੇ ਕੀ ਸੱਜਣ ਠੱਗ, ਅਜਿਹਾ ਅਮਲ ਵਰਤਾਂਉਦੇ, "ਵਿਣੁ ਬੋਲਿਆ ਸਭੁ ਕਿਛੁ ਜਾਣਦਾ," ਵਾਲੇ ਮਹਾਂਵਾਕ ਵਾਂਗ ਜਿਸਤੇ ਨਜ਼ਰ ਕਰਦੇ ਉਸਤੇ ਹੀ ਨਦਰ ਤ੍ਰੁੱਠ ਪੈਂਦੀ ਤੇ ਉਹ ਨਦਰੋ ਨਦਰ ਨਿਹਾਲ ਹੋ ਜਾਂਦਾ, ਲੋਕ-ਪ੍ਰਲੋਕ ਸੰਵਰੁ ਜਾਂਦਾ, ਬੰਦ ਕਪਾਟ ਖੁਲ੍ਹ ਜਾਂਦੇ।

ਬਾਬਾ ਜੀ ਨਹੀਂ ਰੁਕੇ, ਨਹੀਂ ਟਿਕੇ ਇਕ ਥਾਂ ਇਕ ਦੇ ਕੋਲ-, ਕਿਉਂ....?

ਕਿਉਂਕਿ ਉਹ ਇਕ ਦੇ ਲਈ ਤਾਂ ਆਏ ਹੀ ਨਹੀਂ ਸਨ, ਉਹ ਤਾਂ ਕੁਲ ਲੋਕਾਈ ਦਾ ਪਾਰ-ਉਤਾਰਾ ਕਰਨ ਆਏ ਸੀ, ਕੁਰਾਹੀਆਂ ਨੂੰ ਸਿੱਧੇ ਰਾਹ ਪਾਉਣ ਆਏ ਸੀ, ਕੋਣੇ ਕੋਣੇ ਦੀ ਚਾਰੇ ਦਿਸ਼ਾਵਾਂ ਦੀ ਸੁੱਧ-ਸਾਰ ਲੈਣ ਆਏ ਸਨ। ਉਨ੍ਹਾਂ ਲਈ ਤਾਂ ਨਾ ਜਾਤ ਸੀ ਨਾ ਪਾਤ ਸੀ, 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ', ਅਤੇ ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦੀਸਹਿ ਬਾਹਰਾ ਜੀਉ।' ਲੋਕਾਈ ਦਾ ਭਰਮਣ ਕਰਦਿਆਂ ਹੀ ਆਪਣੇ ਪਰਮ ਸੇਵਕ ਨਾਮਲੇਵਾ ਪਹਿਲੇ ਸਿੱਖ, ਸੱਚੀ ਤੇ ਸੁਚੀ ਕਿਰਤ ਕਰਨ ਵਾਲੇ ਦੇ ਘਰ ਏਮਨਾਬਾਦ ਜਾ ਪਹੁੰਚੇ 'ਭਾਈ ਲਾਲੋ' ਦੇ ਘਰ ਦਾ ਬੂਹਾ ਖਟਖਟਾਇਆ, ਭਾਈ ਲਾਲੋ ਬੂਹਾ ਖੋਲ੍ਹਿਆ, ਰੱਬੀ ਨੂਰ ਦੇ ਦਿਦਾਰੇ ਹੋਏ, ਰਮਜ਼ਾਂ ਸਾਂਝੀਆਂ ਹੋਈਆਂ, ਭਾਈ ਲਾਲੋ ਉਮਰ 'ਚ ਬਾਬਾ ਜੀ ਤੋਂ ਬੇਸ਼ੱਕ ਵਧੇਰੇ ਸੀ ਫਿਰ ਵੀ ਨਾਨਕ ਜੀ ਦੇ ਚਰਨੀ ਲੱਗਾ, ਨਾਨਕ ਜੀ ਨੇ ਗਲ ਲਾਇਆ, ਮਨ ਸੰਤ੍ਰਿਪਤ ਹੋਇਆ, ਟਹਿਲ ਸੇਵਾ ਵਿਚ ਜੁੱਟ ਗਿਆ। ਪਹਿਲੀ ਵਾਰ ਇਕ ਮਹੀਨਾ ਸੇਵਾ ਮਿਲੀ, ਦੂਸਰੀ ਵਾਰ ਤੇ ਫੇਰ ਤੀਸਰੀ ਵਾਰ-, 'ਏਕ ਜੋਤਿ ਦੋਇ ਮੂਰਤੀ ਧਨ ਪਿਰੁ ਕਹੀਐ ਸੋਇ' ਵਾਲੀ ਸਵਸਥਾ ਵਿਚ ਸਮਾਅ ਗਏ। ਕਿਰਤੀ ਦੀ ਕਿਰਤ ਸਫਲ ਹੋਈ। ਇਥੇ ਹੀ ਮਲਕ ਭਾਗੋ ਦਾ ਹੰਕਾਰ ਨੀਵਾਂ ਕੀਤਾ। ਹੱਕ-ਹਲਾਲ ਦਾ ਖਾਣ ਦੀ ਜਾਚ ਦੱਸੀ। ਜਬਰੀ ਉਗਰਾਹਿਆ ਧਨ ਵਾਪਿਸ ਗਰੀਬਾਂ ਵਿੱਚ ਵੰਡਾ ਦਿਤਾ। ਨਾਨਕ ਜੀ ਨੇ ਦਿਲ ਦਾ ਦਰਦ ਆਪਣੇ ਦਿਲਜਾਨੀ ਹਮਰਾਜ਼ ਭਾਈ ਲਾਲੋ ਨਾਲ ਸਾਂਝਾ ਕੀਤਾ, ਉਚਾਰਿਆ-

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥"

ਸੱਚੀ-ਸੁੱਚੀ ਕਿਰਤ ਵਾਲੇ ਕਿਰਤੀ ਨੂੰ ਐਨਾ ਸਨਮਾਨ ਦੁਨੀਆਂ ਦੇ ਇਤਿਹਾਸ ਵਿੱਚ ਮਿਸਾਲ ਨਹੀਂ ਮਿਲਦੀ। ਕਿਰਤੀ ਦੀ ਕਿਰਤ ਅਮਰ ਹੋ ਗਈ, ਸਤ ਹੋ ਗਈ। ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਾਨਕ ਜੀ ਦੇ ਮੁੱਖ ਤੋਂ ਭਾਈ ਲਾਲੋ ਨੂੰ ਸੰਬੋਧਿਤ ਸਤ ਸਰਬ-ਸ੍ਰੇਸ਼ਟ ਪੰਕਤੀਆਂ ਸੰਬੋਧਨ ਹਨ ਜੋ ਮਹਾਨ ਕਿਰਤੀ ਭਾਈ ਲਾਲੋ ਜੀ ਦੇ ਹਿੱਸੇ ਹੀ ਆਈਆਂ ਹਨ, ਕਿਸੇ ਹੋਰ ਦੇ ਨਹੀਂ। ਤੇ ਫਿਰ ਬਾਬਾ ਨਾਨਕ ਜੀ ਬੜੀ ਨਿਡਰਤਾ ਨਾਲ ਬੇਖੌਫ਼ ਅਤੇ ਨਿਧੜਕ ਹੋ ਕੇ ਬਿਆਨ ਕਰਦੇ ਹਨ। 'ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥' 'ਰਾਜੇ ਸੀਹ ਮੁਕਦਮ ਕੁਤੇ' ਕਹਿਣ ਦੀ ਜ਼ੁਅਰਤ ਜੇ ਕਿਸੇ ਨੇ ਕੀਤੀ ਹੈ ਤਾਂ ਉਹ ਗੁਰੂ ਨਾਨਕ ਜੀ ਹਨ। ਬੇਦੋਸ਼ਿਆਂ ਉਪਰ ਬੇ-ਥਾਹ ਜ਼ੁਲਮ ਹੁੰਦਾ ਵੇਖਕੇ ਕੋਮਲ ਤੇ ਨਰਮ ਹਿਰਦੇ ਵਾਲੇ ਬਾਬਾ ਨਾਨਕ ਜੀ ਨੇ ਤਾਂ ਉਸ ਅਕਾਲ ਪੁਰਖ ਨੂੰ ਅਲਾਂਭਾ ਦੇਣ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਬੜੀ ਉੱਚੀ ਅਵਾਜ਼ ਵਿੱਚ ਉਨ੍ਹਾਂ ਕਿਹਾ, "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥" ਵਾਹ ! ਬਾਬਾ ਨਾਨਕ ਜੀ ਤੁਹਾਡੀ ਉਪਮਾ, ਵਾਹ ਤੁਹਾਡੀ ਮਹਿਮਾ, ਜੇ ਲਿਖਣ ਲੱਗੀਏ ਤਾਂ ਕਾਗਜ਼ ਦੀ ਤੋਟ ਆ ਜਾਵੇ, ਕਲਮਾਂ ਦੀ ਸਿਆਹੀ ਮੁੱਕ ਜਾਵੇ ਪਰ ਤੇਰੇ ਉਪਕਾਰ ਇਕ ਤੋਂ ਅਨੇਕ ਉਹ ਵੀ ਅਣਗਿਣਤ, ਸਾਡੀ ਤੁੱਛ ਬੁੱਧੀ ਦੀ ਸਮਰੱਥਾ ਕਿੱਥੇ....।

ਪਰ ਅੱਜ ਬਾਬਾ ਜੀ ਮਨੁੱਖ, ਮਨੁੱਖ ਨਹੀਂ ਰਿਹਾ, ਹੈਵਾਨ ਬਣ ਗਿਐ। ਸ਼ੈਤਾਨ ਬਣ ਗਿਐ, ਆਪਣੀ ਜੜ੍ਹ ਆਪ ਹੀ ਕੱਟ ਰਿਹੈ, ਆਪਣੀ ਨਸਲ ਨੂੰ ਸਪਣੀ ਬਣ ਖਾ

ਰਿਹੈ, ਸਮੇਟ ਰਿਹੈ, ਤਬਾਹ ਕਰ ਰਿਹੈ, ਖੁਦੀ ਵਿੱਚ ਗਰਕ ਹੋ ਰਿਹੈ। ਏਹ ਤਾਂ ਆਪਣੇ ਆਪ ਨੂੰ ਤੈਥੋਂ ਵੱਡਾ ਸਾਬਤ ਕਰ ਰਿਹੈ। ਹਰੇਕ ਸੱਜਣ ਠੱਗਾਂ ਦਾ ਬਾਣਾ ਪਾ ਕੇ ਘੁੰਮ ਰਿਹੈ, ਇਸਨੇ ਤਾਂ ਕੌਡੇ ਰਾਖਸ਼ ਵਾਲੇ ਕੜਾਹੇ ਤਪਾ ਰੱਖੇ ਹਨ। ਤੇਰੇ ਨਾਲ ਵਾਰਤਾਲਾਪ ਕਰਨ ਵਾਲੇ ਸਿੱਧ ਤੇ ਕਾਜ਼ੀ, ਹਰਦੁਆਰ ਦੇ ਪੰਡਤ, ਮੱਕੇ ਦੀ ਦਿਸ਼ਾ ਦੱਸਣ ਵਾਲੇ ਅਤੇ ਪਾਪ ਦੀ ਕਮਾਈ ਵਿਚੋਂ ਯੱਗ ਕਰਨ ਵਾਲੇ ਮਲਕ ਭਾਗੋ ਥਾਂ-ਥਾਂ ਅਨੇਕਾਂ ਹੀ ਬੈਠੇ ਹਨ। ਤੇਰੇ ਦਰੋਂ ਵਰੋਸਾਈ ਹੋਈ ਕਿਰਤੀ ਕੌਮ ਇਸ ਦੁਨੀਆਂ ਨੂੰ ਪਹਿਨਣ, ਖਾਣ ਅਤੇ ਗੁਜ਼ਰਾਨ ਕਰਨ ਲਈ ਸਾਧਨ ਅਤੇ ਵਸੀਲਿਆਂ ਦੇ ਨਾਲ-ਨਾਲ ਸ੍ਰਿਸ਼ਟੀ ਲਈ ਸੋਹਜ ਸੁੰਦਰਤਾ ਪ੍ਰਦਾਨ ਕਰਦੀ ਹੈ ਨੂੰ 'ਨੀਚ ਅਤੇ ਨੀਵਾਂ' ਜਾਣਕੇ ਟੇਢੀ ਅੱਖ ਨਾਲ ਵੇਖ ਰਹੇ ਹਨ-ਮੇਹਰ ਕਰੋ, ਸੁਮੱਤ ਬਖਸ਼ੋ। ਅਜੋਕਾ ਹੰਕਾਰੀ ਭਾਗੋ ਲੁੱਟ ਵਾਲੇ ਸਟੋਰਾਂ ਤੇ ਕਾਰੋਬਾਰਾਂ ਨੂੰ ਤੇਰਾ ਅਤੇ ਤੇਰੇ ਮੋਦੀਖਾਨੇ ਦਾ ਨਾਂਅ ਦੇ ਰਿਹੈ, ਪਰ ਤੇਰੇ ਅਨਮੋਲ ਬਚਨ 'ਤੇਰਾ-ਤੇਰਾ' ਕਿਥੋਂ ਲੱਭੀਏ, ਬਾਬਾ ਜੀ ਸੱਚ ਦੀ ਥਾਂ 'ਸਰਮੁ ਧਰਮੁ ਦੁਇ ਛਪਿ ਖਲੋਏ ਕੂੜ ਫਿਰੈ ਪਰਧਾਨ ਵੇ ਲਾਲੋ' ਦੇ ਤੇਰੇ ਵਚਨ ਪ੍ਰਤੱਖ ਹੋ ਰਹੇ ਹਨ। ਰਾਜਾਨਾਂ ਦੀ ਜਨਮਦਾਤੀ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ। ਪਹਿਲੀ ਗੱਲ ਤਾਂ ਉਸਦਾ ਜੰਮਣਾਂ ਹੀ ਮੁਹਾਲ ਹੈ, ਜੇ ਜੰਮ ਵੀ ਪਵੇ ਤਾਂ ਉਸਦਾ ਪਲਣਾਂ ਵਿਗਸਣਾਂ ਇਕ ਕਲੰਕੀ ਸਮਾਜ ਨੂੰ ਮਾਫ਼ਕ ਨਹੀਂ, ਇਸ ਔਰਤ ਜਾਤੀ ਦਾ ਬਚਪਨ ਤੋਂ ਬੁਢੇਪੇ ਤੱਕ ਮਨੁੱਖ ਦੀ ਹਵਸ ਦੀ ਦ੍ਰਿੰਦਗੀ ਦਾ ਸ਼ਿਕਾਰ ਹੋ ਰਿਹਾ ਹੈ। ਆਓ ਵੇਖੋ ਬਾਬਾ ਜੀ, ਅੱਜ ਵੀ ਓਹੀ ਹਾਲਾਤ ਨੇ ਜੋ ਤੁਹਾਡੇ 550 ਸਾਲ ਪਹਿਲਾਂ ਜਨਮ ਲੈਣ ਵੇਲੇ ਸਨ।

............ਐ ਬਾਬਾ ਨਾਨਕ, ਇਕ ਅਰਜ਼ੋਈ, ਇਕ ਤਰਲਾ, ਇਕ ਮਿੰਨਤ, ਇਕ ਪੁਕਾਰ, ਜਿਵੇਂ ਤੂੰ ਆਪਣੇ ਦਿਲ ਦਾ ਦਰਦ, ਦੁਨੀਆਂ ਦੀ ਹੂਕ ਆਪਣੇ ਦਿਲਜਾਨੀ ਪਿਆਰੇ ਸਿੱਖ ਭਾਈ ਲਾਲੋ ਨਾਲ ਸਾਂਝਾ ਕੀਤਾ ਸੀ, ਕੀ ਅਜੋਕੇ 'ਲਾਲੋ' ਦੇ ਦਿਲ ਦੇ ਦਰਦ ਨੂੰ ਸੁਣੋਂਗੇ...........??

9814976639

****

ਸੋਧ

ਮਈ 2019 ਅੰਕ ਦੇ ਸਫਾ ਨੰਬਰ 17 ਦੇ ਭਾਈ ਮਰਦਾਨਾ ਜੀ ਵਾਲੇ ਲੇਖ ਹੇਠ ਪੇਸ਼ਕਸ਼ ਸ. ਗੁਰਮੀਤ ਸਿੰਘ ਲਿਖਿਆ ਗਿਆ ਹੈ। ਸ. ਗੁਰਮੀਤ ਸਿੰਘ ਦੀ ਥਾਂ ਤੇ ਸ. ਗੁਰਪ੍ਰੀਤ ਸਿੰਘ ਜੈਪੁਰ ਪੜ੍ਹਿਆ ਜਾਵੇ।

ਮੁੱਖ ਸੰਪਾਦਕ

ਮਈ ਮਹੀਨੇ ਦੇ ਦਾਨੀ ਸੱਜਣ

1. ਸ. ਜਸਪਾਲ ਸਿੰਘ ਕੰਵਲ 3100/-
2. ਸ. ਜਸਪਾਲ ਸਿੰਘ ਕਲੌੜ 500/-

[illegible] ...4105 [illegible]
IFSCode:
SBIN0050435 swift

ਜੂਨ 1716, ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੂੰ ਸਮਰਪਿਤ

ਜਥੇਦਾਰ ਮਹਿੰਦਰ ਸਿੰਘ
ਯੂ.ਕੇ.

12 ਮਈ 1710 ਨੂੰ ਚੱਪੜ ਚਿੜੀ ਦੇ ਮੈਦਾਨ ਵਿੱਚ ਸਰਹਿੰਦ ਦੇ ਸੂਬੇਦਾਰ ਵਜੀਦ ਖਾਨ ਦੀਆਂ ਫੌਜਾਂ ਨਾਲ ਬੰਦਾ ਸਿੰਘ ਬਹਾਦਰ ਦੀ ਜਰਨੈਲੀ ਹੇਠ ਖਾਲਸੇ ਨੇ ਲਹੂ ਡੋਲਵੀਂ ਲੜਾਈ ਲੜੀ, ਇਸ ਲੜਾਈ ਵਿੱਚ ਸੂਬਾ ਸਰਹਿੰਦ ਵਜੀਦ ਖਾਨ ਮਾਰਿਆ ਗਿਆ ਅਤੇ ਖਾਲਸਾ ਪੰਥ ਦੀ ਜਿੱਤ ਹੋਈ। 14 ਮਈ 1710 ਨੂੰ ਹਿੰਦੁਸਤਾਨ ਉਤੇ ਸਦੀਆਂ ਤੋਂ ਰਾਜ ਕਰਦੀ ਆ ਰਹੀ ਮੁਗਲ ਹਕੂਮਤ ਦਾ ਬੰਦਾ ਸਿੰਘ ਬਹਾਦਰ ਨੇ ਤੱਖਤਾ ਉਲਟਾ ਕੇ ਖਾਲਸਾ ਰਾਜ ਸਥਾਪਿਤ ਕਰ ਲਿਆ ਸੀ, ਹੁਣ ਖਾਲਸੇ ਕੋਲ ਮੁਗਲਾਂ ਵਾਂਗ ਸਭ ਕੁਝ ਆਪਣਾ ਸੀ, ਮੁਲਕ, ਤਖਤ, ਰਾਜਧਾਨੀ, ਸਿੱਕਾ, ਮੋਹਰ, ਝੰਡਾ, ਬਾਦਸ਼ਾਹ, ਫਰਕ ਸਿਰਫ ਇੰਨਾ ਸੀ ਕਿ ਮੁਗਲਾਂ ਕੋਲ ਸਭ ਕੁਝ ਮੁਗਲ ਹਕੂਮਤ ਦੇ ਨਾਂ ਥੱਲੇ ਸੀ ਅਤੇ ਮੁਗਲ ਬਾਦਸ਼ਾਹ ਦਾ ਰਾਜ, ਸਿੱਕੇ ਅਤੇ ਮੋਹਰਾਂ ਉਨ੍ਹਾਂ ਦੇ ਨਿੱਜੀ ਨਾਉਂ ਉਤੇ ਚਲਦੇ ਸਨ ਪਰ ਖਾਲਸੇ ਦਾ ਰਾਜਸੀ ਨੇਤਾ ਬੰਦਾ ਸਿੰਘ ਆਪਣੇ ਨਿੱਜੀ ਨਾਉ ਉਤੇ ਕੁਝ ਨਹੀਂ ਸੀ ਕਰਦਾ ਉਹ ਰਾਜ ਦੀ ਪ੍ਰਾਪਤੀ ਸੱਚੇ ਸਾਹਿਬ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਗੁਰੂ, ਗੋਬਿੰਦ ਸਿੰਘ ਤੋਂ ਪ੍ਰਾਪਤ ਹੋਈ ਕਹਿੰਦਾ ਹੈ ਅਤੇ ਆਪ ਦੇਗ ਅਤੇ ਤੇਗ ਰਾਹੀ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਗੁਰੂ ਨਾਨਕ ਦੀ ਹੈ, ਫਤਹਿ ਗੁਰੂ ਗੋਬਿੰਦ ਸਿੰਘ ਦੀ ਅਤੇ ਪਾਤਿਸ਼ਾਹੀ ਅਕਾਲ ਪੁਰਖ ਵਾਹਿਗੁਰੂ ਦੀ। ਇਹ ਸੰਸਾਰ ਦੇ ਇਤਿਹਾਸ ਵਿੱਚ ਸਿੱਖ ਇਨਕਲਾਬ ਦੀ ਅਦੁੱਤੀ ਮਿਸਾਲ ਹੈ। ਖਾਲਸੇ ਦੀ ਸ਼ਾਹੀ ਮੋਹਰ ਤੇ 'ਦੇਗੋ ਤੇਗੋ ਫਤਹਿ ਓ ਨੁਸਰਤਿ ਬੇ-ਦਰੰਗ, ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ' = ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ। ਬੰਦਾ ਸਿੰਘ ਬਹਾਦਰ ਨੇ ਥੋੜੇ ਜਿਹੇ ਸਮੇਂ ਵਿੱਚ ਖਾਲਸਾ ਰਾਜ ਦਾ ਜੋ ਮਾਡਲ ਪੇਸ਼ ਕੀਤਾ ਸੀ ਉਹ ਦੁਨੀਆਂ ਦੇ ਪੂਰੇ ਇਹਿਤਾਸ ਵਿੱਚ ਨਾ ਤਾਂ ਪਹਿਲਾਂ ਕਦੇ ਵਾਪਰਿਆ ਤੇ ਨਾ ਹੀ ਬਾਅਦ ਵਿਚ ਵਾਪਰਿਆ।

1711 ਦੇ ਸਾਲ ਵਿੱਚ ਬੰਦਾ ਸਿੰਘ ਬਹਾਦਰ ਨੇ ਸਾਰੀਆਂ ਪਹਾੜੀ ਰਿਆਸਤਾਂ ਅਤੇ ਰਾਵੀ ਬਿਆਸ ਦਰਿਆਵਾਂ ਦੇ ਮੈਦਾਨੀ ਇਲਾਕੇ ਵਿੱਚ ਪੂਰੀ ਤਰ੍ਹਾਂ ਖਾਲਸਾ ਰਾਜ ਸਥਾਪਿਤ ਕਰ ਲਿਆ ਸੀ। 1711 ਦੀ ਤਰ੍ਹਾਂ 1712 ਸਾਲ ਵੀ ਖਾਲਸੇ ਦਾ ਸਾਲ ਸੀ ਅਤੇ ਇਨ੍ਹਾਂ ਦੋ ਸਾਲਾਂ ਦੌਰਾਨ ਰਾਵੀ ਤੋਂ ਲੈ ਕੇ ਜਮਨਾ ਤੱਕ ਦੇ ਖੇਤਰ ਉਪਰ ਵੀ ਖਾਲਸੇ ਦਾ ਹੀ ਰਾਜ ਸੀ, ਦਿਨ ਰਾਤ ਖਾਲਸੇ ਦੇ ਜੈਕਾਰੇ ਗੂੰਜਦੇ ਸਨ, ਦੂਜੇ ਪਾਸੇ 1712 ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਲਈ ਬੜਾ ਸੰਕਟ ਮਈ ਸਮਾਂ ਸੀ ਉਸ ਨੂੰ ਲਗਾਤਾਰ ਬੰਦਾ ਸਿੰਘ ਬਹਾਦਰ ਦੇ ਵਿਰੁਧ ਭੇਜੀਆਂ ਗਈਆਂ ਮੁਹਿੰਮਾਂ ਦੀ ਅਸਫਲਤਾਵਾਂ ਦੀਆਂ ਖਬਰਾਂ ਮਿਲ ਰਹੀਆਂ ਸਨ।

ਦਿੱਲੀ ਦੀ ਬਾਦਸ਼ਾਹ ਬੰਦਾ ਸਿੰਘ ਬਹਾਦਰ ਦੀ ਯੁੱਧ ਨੀਤੀ ਤੋਂ ਇੰਨਾ ਭੈ ਭੀਤ ਹੋ ਗਿਆ ਤੇ ਇੰਨਾ ਡਰ ਗਿਆ ਕਿ ਕਿਤੇ ਦਾੜੀ ਵਾਲੇ ਹਿੰਦੂਆਂ ਵਿੱਚ ਕੋਈ ਸਿੱਖ ਹੀ ਨਾ ਹੋਵੇ ਜੋ ਬੰਦਾ ਸਿੰਘ ਬਹਾਦਰ ਲਈ ਸੂਹੀਏ ਦਾ ਕੰਮ ਕਰਦਾ ਹੋਵੇ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਬਾਦਸ਼ਾਹੀ ਦਫਤਰਾਂ ਵਿੱਚ ਜਿਤਨੇ ਭੀ ਹਿੰਦੂ ਪੇਸ਼ਕਾਰ ਨੌਕਰ ਹਨ ਉਹ ਆਪਣੀਆਂ ਦਾੜੀਆਂ ਮੁੰਨਵਾ ਦੇਣ ਤਾਂ ਕਿ ਹਿੰਦੂ ਸਿੱਖ ਦੇ ਫਰਕ ਦਾ ਪਤਾ ਲਗਦਾ ਰਹੇ। ਭਾਵੇਂ ਉਸ ਦੇ ਬਾਦਸ਼ਾਹੀ ਦਫਤਰ ਵਿਚ ਕੋਈ ਸਿੱਖ ਹੈ ਹੀ ਨਹੀਂ ਸੀ ਫਿਰ ਵੀ ਹਿੰਦੂ ਦੀਵਾਨਾ ਅਤੇ ਪੇਸ਼ਕਾਰਾਂ ਨੇ ਇਸ ਹੁਕਮ ਦੀ ਤੁਰੰਤ ਪਾਲਣਾਂ ਕਰਦੇ ਹੋਏ ਤੁਰੰਤ ਦਾੜੀਆਂ ਮੁੰਨਾ ਦਿੱਤੀਆਂ ਜਿਸ ਤੋਂ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਖਿੱਲਤਾਂ ਬਖਸ਼ੀਆਂ। ਹੋਰ ਬਹਾਦਰਸ਼ਾਹ ਦਿਨ-ਪਰ ਦਿਨ ਬੰਦਾ ਸਿੰਘ ਬਹਾਦਰ ਦੇ ਖੌਫ ਨਾਲ ਬੇਚੈਨ ਰਹਿਣ ਲੱਗ

ਪਿਆ ਅਤੇ ਅੰਤ ਵਿਚ ਇੰਨਾ ਬੇਜਾਰ ਹੋ ਗਿਆ ਕਿ ਉਹ ਆਪਣਾ ਦਿਮਾਗੀ ਸੰਤੁਲਣ ਗਵਾ ਬੈਠਾ ਤੇ ਸਿੱਟੇ ਵਜੋਂ ਬਹਾਦਰਸ਼ਾਹ ਪਾਗਲ ਹੋ ਗਿਆ। ਸੈਨਿਕ ਜਰਨੈਲਾਂ ਅਤੇ ਰਾਜੇ ਦਰਬਾਰੀਆਂ ਦੀਆਂ ਨਿਗਾਹਾਂ ਕਾਂ ਵਾਂਗ ਬਾਦਸ਼ਾਹ ਵੱਲ ਲੱਗੀਆਂ ਹੋਈਆਂ ਸਨ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਪਾਸ ਇੰਨੀ ਤਾਕਤ ਸੀ ਕਿ ਉਹ ਮੁਗਲਸ਼ਾਹੀ ਦੀ ਡਾਵਾਂਡੋਲ ਹਾਲਤ ਦਾ ਫਾਇਦਾ ਉਠਾਉਣ ਲਈ ਆਪਣੀ ਪੂਰੀ ਤਾਕਤ ਨਾਲ ਪਹਾੜਾਂ ਉਤੋਂ ਉੱਤਰ ਕੇ ਮੈਦਾਨੀ ਇਲਾਕਿਆਂ ਵਿੱਚ ਆ ਗਿਆ ਸੀ। ਜਨਵਰੀ-ਫਰਵਰੀ ਦੇ ਦੋਵੇਂ ਮਹੀਨੇ ਸਾਰੀ ਮੁਗਲਸ਼ਾਹੀ ਬਾਦਸ਼ਾਹ ਦੇ ਆਲੇ ਦੁਆਲੇ ਕੇਂਦਰਿਤ ਹੋਈ ਰਹੀ ਅਤੇ ਆਖੀਰ 27-28 ਫਰਵਰੀ, 1712 ਦੀ ਵਿਚਕਾਰਲੀ ਰਾਤ ਨੂੰ ਬਾਦਸ਼ਾਹ ਮਰ ਗਿਆ ਸੀ। ਇਹੀ ਸਮਾਂ ਸੀ ਜਦੋਂ ਬੰਦਾ ਸਿੰਘ ਬਹਾਦਰ ਨੇ ਪਹਾੜਾਂ ਤੋਂ ਤੂਫਾਨ ਵਾਂਗ ਮੈਦਾਨਾ ਵਿੱਚ ਆ ਕੇ ਪੰਜਾਬ ਵਿੱਚ ਆਪਣੇ ਅਫਸਰ ਤਿਆਨਾਤ ਕਰ ਦਿੱਤੇ ਉਹ ਫਿਰ ਤੋਂ ਲੋਹਗੜ੍ਹ ਦੇ ਕਿਲੇ ਵਿੱਚ ਆ ਗਿਆ ਸੀ। ਫਿਰ ਤੋਂ ਕਿਲੇ ਦੀ ਤਾਮੀਰ ਕਰਵਾਈ ਗਈ ਖਾਲਸੇ ਦੇ ਸਿੱਕੇ ਤੇ ਮੋਹਰਾਂ ਜਾਰੀ ਰੱਖੀਆਂ, ਕਲਾਨੌਰ, ਬਟਾਲਾ ਅਤੇ ਹੁਸ਼ਿਆਰਪੁਰ ਦਾ ਇਲਾਕਾ ਪਹਿਲੋਂ ਹੀ ਬੰਦਾ ਸਿੰਘ ਦੇ ਕਬਜ਼ੇ ਵਿੱਚ ਸੀ। ਜੇ ਇਉਂ ਕਹਿ ਲਿਆ ਜਾਵੇ ਕਿ ਰਾਵੀ-ਬਿਆਸ ਦੇ ਦਬਾਬ ਦਾ ਉਪਰਲਾ ਇਲਾਕਾ ਅਤੇ ਸਾਰੇ ਬਿਸਤ-ਦਬਾਬ ਸਮੇਤ ਪਹਾੜੀ ਰਿਆਸਤਾਂ ਦਾ ਅਤੇ ਸਤਿਲੁਜ ਤੋਂ ਜਮਨਾ ਤੱਕ ਦਾ ਵਿਸ਼ਾਲ ਖੇਤਰ ਖਾਲਸੇ ਦੀ ਸਲਤਨਤ ਸੀ ਤਾਂ ਵੀ ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋ ਸਕਦੀ।

ਬਹਾਦਰਸ਼ਾਹ ਬਾਦਸ਼ਾਹ ਦੀ ਮਰਿਆ ਕਿ ਉਸ ਨੇ ਚਾਰੇ ਪੁੱਤਰਾਂ ਵਿੱਚ ਤੱਖਤ ਪ੍ਰਾਪਤੀ ਲਈ ਜੰਗ ਛਿੜ ਪਈ, ਇਸ ਜੰਗ ਵਿੱਚ ਬਾਦਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਦੀ ਜਿੱਤ ਹੋਈ ਪਰ ਉਹ ਅਤਿ ਦਰਜੇ ਦਾ ਸ਼ਰਾਬੀ ਅਤੇ ਵਿਭਚਾਰੀ ਸੀ। ਜੋ ਜ਼ਿਆਦਾ ਦੇਰ ਰਾਜ ਪ੍ਰਬੰਧ ਨਾ ਚਲਾ ਸਕਿਆ। 31 ਜਨਵਰੀ, 1713 ਨੂੰ ਜਹਾਂਦਾਰ ਤੇ ਭਤੀਜੇ ਫਰੱਖਸੀਅਰ ਨੇ ਜਹਾਂਦਾਰ ਨੂੰ ਕੱਤਲ ਕਰਵਾ ਦਿੱਤਾ ਤੇ ਫਰੱਖਸੀਅਰ ਆਪ ਦਿੱਲੀ ਤੇ ਕਾਬਜ਼ ਹੋ ਗਿਆ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਦੀਆਂ ਹੱਦਾਂ ਵਧਾਉਣ ਲਈ ਲਾਹੌਰ ਦੇ ਸੂਬੇਦਾਰ ਅਤੇ ਦਿੱਲੀ ਦੇ ਬਾਦਸ਼ਾਹ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। ਖਾਲਸਾ ਫੌਜਾਂ ਅਤੇ ਸ਼ਾਹੀ ਸੈਨਾ ਵਿਚਕਾਰ ਹੋਈਆਂ ਜੰਗਾਂ ਵਿੱਚ ਮੁਗਲ ਸਾਮਰਾਜ ਦੇ ਚੋਟੀ ਦੇ 30 ਤੋਂ ਵੱਧ ਜਰਨੈਲ ਅਤੇ ਸੂਬਾ ਸਰਹੰਦ ਵਰਗੇ ਵੱਡੇ-ਵੱਡੇ ਅਹਿਲਕਾਰ ਮਾਰੇ ਜਾ ਚੁੱਕੇ ਸਨ। ਦੁਨੀਆਂ ਵਿੱਚ ਸਭ ਤੋਂ ਤਾਕਤਵਰ ਮੰਨੇ ਜਾਣ ਵਾਲੇ ਦਿੱਲੀ ਦੇ ਦੋ ਬਾਦਸ਼ਾਹ ਖਾਲਸਾ ਰਾਜ ਦੀ ਬਲੀ ਚੜ੍ਹ ਚੁੱਕੇ ਸਨ। ਫਰੱਖਸੀਅਰ ਭਾਵੇਂ ਦਿੱਤੀ ਦੇ ਤਖਤ ਤੇ ਕਾਬਜ਼ ਹੋ ਗਿਆ ਸੀ ਪਰ ਬੰਦਾ ਸਿੰਘ ਬਹਾਦਰ ਦੀ ਏਨੀ ਤਾਕਤ ਵਧ ਚੁੱਕੀ ਸੀ ਕਿ ਫਰੱਖਸੀਅਰ ਦਾ ਕੋਈ ਵੀ ਮੁਗਲ ਜਰਨੈਲ ਪੰਜਾਬ ਵਲ ਨੂੰ ਮੂੰਹ ਕਰਨ ਨੂੰ ਤਿਆਰ ਨਹੀਂ ਸੀ, ਲਾਹੌਰ ਦੇ ਸੂਬੇਦਾਰ ਨੂੰ ਤਾਂ ਫਿਕਰ ਪਿਆ ਹੋਇਆ ਸੀ ਕਿ ਖਾਲਸਾ ਫੌਜਾਂ ਕਿਤੇ ਲਾਹੌਰ ਅਤੇ ਦਿੱਲੀ ਉੱਤੇ ਹਮਲੇ ਕਰਕੇ ਲਾਹੌਰ ਤੇ ਕਾਬਜ ਨਾ ਹੋ ਜਾਣ ਕਿਉਂਕਿ ਬੰਦਾ ਸਿੰਘ ਬਹਾਦਰ ਨੇ ਦਿੱਲੀ ਦੇ ਬਾਦਸ਼ਾਹ ਅਤੇ ਲਾਹੌਰ ਦੇ ਸੂਬੇਦਾਰ ਦੇ ਜ਼ੁਲਮ ਅਤੇ ਅਤਿਆਚਾਰ ਰੋਕਣ ਲਈ ਅਤੇ ਖਾਲਸਾ ਰਾਜ ਦੀਆਂ ਹੱਦਾਂ ਵਧਾਉਣ ਵਾਲੀ ਲੜੀ ਜਾ ਰਹੀ ਲੜਾਈ ਨੂੰ ਧਾਰਮਿਕ ਲੜਾਈ ਨਹੀਂ ਸੀ ਬਣਨ ਦਿੱਤਾ।

ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਪੰਜ ਹਜ਼ਾਰ ਮੁਸਲਮਾਨ ਵੀ ਭਰਤੀ ਹੋ ਗਏ ਸਨ। ਬੰਦਾ ਸਿੰਘ ਬਹਾਦਰ ਨੇ ਮੁਸਲਮਾਨ ਸਿਪਾਹੀਆਂ ਨੂੰ ਨਮਾਜ਼ ਪੜ੍ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਧਾਰਮਿਕ ਰਸਮਾਂ ਇਸਲਾਮ ਮੱਤ ਅਨੁਸਾਰ ਮਨਾਉਣ ਦੀ ਖੁਲ੍ਹ ਦਿੱਤੀ ਹੋਈ ਸੀ ਅਤੇ ਤਨਖਾਹ ਵੀ ਮੁਗਲ ਬਾਦਸ਼ਾਹ ਨਾਲੋਂ ਜ਼ਿਆਦਾ ਦਿੰਦਾ ਸੀ। ਇਕ ਮੁਸਲਮਾਨ ਅਹਿਲਕਾਰ ਦੀਨਦਾਰ ਖਾਂ ਅੰਮ੍ਰਿਤ ਛੱਕ ਕੇ ਦੀਨਦਾਰ ਸਿੰਘ ਬਣ ਗਿਆ ਸੀ ਅਤੇ ਇਕ ਖਬਰ ਨਬੀਸ, ਨਸੀਰ ਖਾਨ ਅੰਮ੍ਰਿਤ ਛਕ ਕੇ ਨਸੀਰ ਸਿੰਘ ਬਣ ਗਿਆ ਸੀ। ਬੰਦਾ ਸਿੰਘ ਬਹਾਦਰ ਦੀਆਂ ਚੜ੍ਹਦੀ ਕਲਾਂ ਵਾਲੀਆਂ ਇਹ ਖਬਰਾਂ ਸੁਣ ਕੇ ਖਾਲਸਾ ਫੌਜ ਸ਼ਾਹੀ ਫੌਜਾਂ ਨਾਲੋਂ ਜ਼ਿਆਦਾ ਤਾਕਤਵਰ ਹੋ ਰਹੀ ਹੈ, ਫਰੱਖਸੀਅਰ ਨੇ ਰਾਜ ਸੱਤਾ ਸੰਭਾਲਦਿਆਂ ਹੀ ਲਾਹੌਰ ਦੇ ਸੂਬੇਦਾਰ ਅਬੱਦੁਸ ਸਮੱਦ ਖਾਨ ਸਮੇਤ ਸਾਰੇ ਮੁਗਲ ਜਰਨੈਲਾਂ ਨੂੰ ਸੱਦ ਕੇ ਬੰਦਾ ਸਿੰਘ ਬਹਾਦਰ ਨੂੰ ਮਾਰਨ ਜਾਂ ਜਿਊਂਦਿਆਂ ਗ੍ਰਿਫਤਾਰ ਕਰਨ ਲਈ ਹੁਕਮ ਸੁਣਾ ਦਿੱਤਾ ਪਰ ਲਾਹੌਰ ਦੇ ਸੂਬੇਦਾਰ ਸਮੇਤ ਸਾਰੇ ਮੁਗਲ ਜਰਨੈਲਾਂ ਨੇ ਇਕ ਮੱਤ ਹੁੰਦਿਆਂ ਫਰੱਖਸੀਅਰ ਬਾਦਸ਼ਾਹ ਨੂੰ ਕਿਹਾ ਕਿ ਬੰਦਾ ਸਿੰਘ ਦੀ ਅਗਵਾਈ ਵਿੱਚ ਲੜ ਰਹੀਆਂ ਖਾਲਸਾ ਫੌਜਾਂ ਨੂੰ ਮੈਦਾਨ ਵਿੱਚ ਲੜਕੇ

ਹਰਾਉਣਾ ਬਹੁਤ ਔਖਾ ਹੈ ਇਸ ਕਰਕੇ ਨੀਤੀ ਇਹ ਵਰਤੀ ਜਾਵੇ ਕਿ ਖਾਲਸਾ ਫੌਜਾਂ ਵਿੱਚ ਫੁੱਟ ਪਾ ਕੇ ਉਨ੍ਹਾਂ ਨੂੰ ਦੋ ਧੜਿਆਂ ਵਿੱਚ ਵੰਡ ਲਿਆ ਜਾਵੇ, ਪਹਿਲਾਂ ਉਨ੍ਹਾਂ ਦੇ ਇਕ ਧੜੇ ਨੂੰ ਆਪਣੇ ਨਾਲ ਜੋੜ ਕੇ ਦੂਜੇ ਧੜੇ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਬਾਅਦ ਵਿਚ ਦੂਜੇ ਧੜੇ ਦਾ ਵੀ ਉਹ ਹੀ ਹਸ਼ਰ ਕੀਤਾ ਜਾਵੇ।

ਫਰੱਖਬੀਅਰ ਨੂੰ ਅਬਦੁਸ ਸਮੱਦ ਖਾਨ ਅਤੇ ਉਸਦੇ ਸਾਥ ਜਰਨੈਲਾਂ ਦੀ ਇਹ ਸਲਾਹ ਪਸੰਦ ਆਈ ਇਸ ਕੁਟਿਲ ਨੀਤੀ ਨੂੰ ਅਮਲ ਵਿੱਚ ਲਿਆਉਣ ਲਈ ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੇ ਖਿਲਾਫ ਸਿੱਖਾਂ ਵਿਚੋਂ ਹੀ ਐਸੇ ਸਿੱਖ ਲੱਭਣੇ ਸ਼ੁਰੂ ਕਰ ਦਿੱਤੇ ਜਿਹੜੇ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਲਈ ਸਰਕਾਰ ਨਾਲ ਮਿਲ ਕੇ ਚਲ ਸਕਦੇ ਹੋਣ ਅਤੇ ਦੂਜੀ ਚਾਲ ਇਹ ਚੱਲੀ ਕਿ ਮੁਸਲਮਾਨਾਂ ਨੂੰ ਜਹਾਦ ਦੇ ਨਾਂ ਹੇਠ ਖਾਲਸਾ ਰਾਜ ਦੇ ਵਿਰੁੱਧ ਲੜਨ ਲਈ ਲਾਮਵੰਦ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਦੋਹਾਂ ਦੀ ਮੁਹਾਜਾ ਤੋਂ ਮੁਗਲ ਸ਼ਾਹੀ ਨੇ ਬੰਦਾ ਸਿੰਘ ਬਹਾਦਰ ਅਤੇ ਖਾਲਸਾ ਰਾਜ ਦੇ ਖਿਲਾਫ ਮੁਹਿੰਮ ਛੇੜ ਦਿੱਤੀ।

ਸਿੱਖਾਂ ਵਿਚੋਂ ਇਕ ਮੁਤਬੰਨਾ ਪੁੱਤਰ ਕਹੇ ਜਾਣ ਵਾਲਾ ਅਜੀਤ ਸਿੰਘ ਬੰਦਾ ਸਿੰਘ ਬਹਾਦਰ ਦੇ ਖਿਲਾਫ ਸਿੱਖ ਨੇਤਾ ਦੇ ਤੌਰ ਤੇ ਖੜਾ ਕੀਤਾ ਗਿਆ। ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਸਾਹਿਬਜ਼ਾਦਾ ਬਣਾ ਕੇ ਪੇਸ਼ ਕੀਤਾ ਗਿਆ ਸੀ ਮਾਤਾ ਸੁੰਦਰ ਕੌਰ ਜੀ ਦਾ ਨਾਮ ਵੀ ਇਸ ਨਾਲ ਜੋੜਿਆ ਗਿਆ ਸੀ। ਹੋ ਸਕਦਾ ਹੈ ਮਾਤਾ ਜੀ ਨੂੰ ਇਸ ਸਾਜਿਸ਼ ਦਾ ਕੋਈ ਪਤਾ ਵੀ ਨਾ ਹੋਵੇ। ਪੰਜ ਮੈਂਬਰੀ ਖਾਲਸਾ ਦੇ ਦੋ ਮੈਂਬਰਾਂ ਬਾਵਾ ਵਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਨੂੰ ਵੀ ਤੋੜ ਲਿਆ ਗਿਆ। ਇਨ੍ਹਾਂ ਦੋਹਾਂ ਮੈਂਬਰਾਂ ਨੂੰ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਹੋਣ ਵਾਲੇ ਤ੍ਰਿਹਣ-ਭੱਲੇ ਸਾਹਿਬਜ਼ਾਦੇ ਕਹਿ ਕੇ ਲੋਕਾਂ ਵਿੱਚ ਵਡਿਆਇਆ ਗਿਆ ਸੀ। ਇਸ ਧੜੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਖਾਲਸਾ (ਤੱਤ ਖਾਲਸਾ) ਕਿਹਾ ਗਿਆ, ਬੰਦਾ ਸਿੰਘ ਬਹਾਦਰ ਨੂੰ ਨਕਲੀ ਖਾਲਸਾ (ਬੰਦਈ ਖਾਲਸਾ) ਕਿਹਾ ਜਾਣ ਲੱਗ ਪਿਆ ਅਤੇ ਬੰਦਾ ਸਿੰਘ ਬਹਾਦਰ ਬਾਰੇ ਹੋਰ ਵੀ ਬਹੁਤ ਕੂੜ ਪਰਚਾਰ ਕੀਤਾ ਗਿਆ, ਰਤਨ ਸਿੰਘ ਭੰਗੂ ਦੀ ਲਿਖਤ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਸ ਦਾ ਵਿਸਥਾਰ ਵੀ ਦਿੱਤਾ ਹੋਇਆ ਹੈ। ਰਤਨ ਸਿੰਘ ਭੰਗੂ ਦੀ ਇਹ ਲਿਖਤ ਪੜ੍ਹ ਕੇ ਕਈ ਸੱਜਣ ਟਪਲਾ ਵੀ ਖਾ ਜਾਂਦੇ ਹਨ ਕਿ ਸ਼ਾਇਦ ਰਤਨ ਸਿੰਘ ਭੰਗੂ ਨੇ ਬੰਦਾ ਸਿੰਘ ਬਹਾਦਰ ਬਾਰੇ ਜਾਣ ਬੁਝ ਕੇ ਗਲਤ ਬਿਆਨੀ ਕੀਤੀ ਹੈ ਪਰ ਹਕੀਕਤ ਵਿੱਚ ਐਸਾ ਨਹੀਂ ਹੈ ਕਿਉਂਕਿ ਰਤਨ ਸਿੰਘ ਭੰਗੂ ਨੇ ਤਾਂ ਬੰਦਾ ਸਿੰਘ ਬਹਾਦਰ ਬਾਰੇ ਜੋ ਉਸ ਦੇ ਵਿਰੋਧੀਆਂ ਵਲੋਂ ਅਫਵਾਹਾਂ ਫੈਲਾਈਆਂ ਗਈਆਂ ਸਨ ਉਹ ਜਿਵੇਂ ਉਸ ਨੇ ਸੁਣੀਆਂ ਲਿਖ ਦਿੱਤੀਆਂ ਪਰ ਇਸ ਦਾ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਰਤਨ ਸਿੰਘ ਭੰਗੂ ਬੰਦਾ ਸਿੰਘ ਬਹਾਦਰ ਬਾਰੇ ਵਿਰੋਧੀਆਂ ਵਲੋਂ ਉਡਾਈਆਂ ਹੋਈਆਂ ਅਫਵਾਹਾਂ ਨੂੰ ਸੱਚ ਮੰਨਦਾ ਹੈ। ਦਿੱਲੀ ਦੇ ਬਾਦਸ਼ਾਹ ਫਰੱਖਸੀਅਰ ਅਤੇ ਲਾਹੌਰ ਦੇ ਸੂਬੇਦਾਰ ਅਬਦੁਸ ਸਮੁੱਦ ਖਾਂ ਦੀ ਕੁਟਿਲ ਨੀਤੀ ਦਾ ਬੰਦਾ ਸਿੰਘ ਬਹਾਦਰ ਨੂੰ ਉਦੋਂ ਪਤਾ ਲਗਾ ਜਦੋਂ ਉਸ ਦੇ ਸਾਥੀ ਬਾਵਾ ਵਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਮੁਗਲੀਆ ਹਕੂਮਤ ਨਾਲ ਮਿਲ ਗਏ ਅਤੇ ਉਨ੍ਹਾਂ ਦੀ ਡੀਊਟੀ ਸੀ ਕਿ ਉਹ ਸਿੱਖ ਸੰਗਤਾਂ ਨੂੰ ਪੇਂਡੂ ਖੇਤਰਾਂ ਵਿੱਚ ਬੰਦਾ ਸਿੰਘ ਬਹਾਦਰ ਦੇ ਹੱਕ ਵਿੱਚ ਨਾ ਉਠਣ ਦੇਣ ਅਤੇ 30 ਦੇ ਲਗਪਗ ਹਿੰਦੂ ਰਾਜੇ ਵੀ ਬੰਦਾ ਸਿੰਘ ਦੇ ਵਿਰੁਧ ਮੁਗਲੀਆਂ ਹਕੂਮਤ ਵਲੋਂ ਹੋ ਕੇ ਲੜੇ। 17 ਅਪ੍ਰੈਲ, 1715 ਨੂੰ ਜੰਗ ਦੀ ਸ਼ੁਰੂਆਤ ਕੀਤੀ ਗਈ ਪਹਿਲੀ ਗਹਿਗੱਚ ਲੜਾਈ ਕੋਟ ਮਿਰਜ਼ਾ ਖਾਨ ਵਿਖੇ ਹੋਈ ਇਥੇ ਸਿੰਘ ਜਾਨਾਂ ਤੋੜ ਕੇ ਲੜੇ ਪਰ ਪਿੱਛੇ ਹਟਨਾ ਪਿਆ ਸਾਰੇ ਪਾਸਿਓਂ ਸਿੰਘ ਜਥੇ ਜਖਮੀ ਹੋਏ ਸ਼ੇਰਾ ਵਾਂਗ ਪਿਛੇ ਹਟ ਰਹੇ ਸਨ ਆਖਿਰ ਗੁਰਦਾਸ ਨੰਗਲ ਦੀ ਗੜ੍ਹੀ ਦੇ ਅੰਦਰੋਂ ਕੋਈ ਵੀ ਹਿਲ ਜੁਲ ਨਹੀਂ ਹੋ ਰਹੀ ਤਾਂ ਉਨ੍ਹਾਂ ਨੇ ਗੜ੍ਹੀ ਦਾ ਦਰਵਾਜ਼ਾ ਤੋੜ ਦਿੱਤਾ ਅੱਠ ਮਹੀਨਿਆਂ ਤੋਂ ਭੁੱਖੇ ਭਾਣੇ ਬਿਮਾਰ ਸਿੰਘਾਂ ਨੂੰ ਬੇਹਹਿਮੀ ਨਾਲ ਕੱਤਲ ਕਰ ਦਿੱਤਾ ਗਿਆ ਅਤੇ ਬੰਦਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਦੁਸ਼ਮਣ ਉੱਤੇ ਹਮਲਾ ਕਰ ਦਿੱਤਾ, ਦੁਸ਼ਮਨ ਦੀ ਫੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ ਉੱਤੇ ਉਹ ਤਾਜ਼ਾ ਦਮ ਵੀ ਸਨ ਦੂਜੇ ਪਾਸੇ ਬੰਦਾ ਸਿੰਘ ਬਹਾਦਰ ਦੇ ਬਹੁਤ ਥੋੜੇ ਜਿਹੇ ਸਾਥੀ ਹੀ ਬਚੇ ਸਨ ਅਤੇ ਉਹ ਵੀ ਭੁਖ ਤੇ ਬਿਮਾਰੀ ਨਾਲ ਨਿਢਾਲ ਹੋ ਚੁੱਕੇ ਸਨ ਅਤੇ ਬੰਦਾ ਸਿੰਘ ਬਹਾਦਰ ਦੇ ਗ੍ਰਿਫਤਾਰ ਹੋਣ ਦਾ ਮੁਖ ਕਾਰਨ ਉਸ ਦੇ ਸਾਥੀ ਬਾਵਾ ਬਿਨੋਦ ਸਿੰਘ, ਬਾਵਾ ਕਾਹਨ ਸਿੰਘ ਵਲੋਂ ਕੀਤੀ ਗਈ ਗੱਦਾਰੀ ਸੀ, ਉਨ੍ਹਾਂ ਦੀ ਗਦਾਰੀ ਕਰਕੇ ਹੀ ਬੰਦਾ

ਸਿੰਘ ਬਹਾਦਰ ਆਪਣੇ ਗਿਣਤੀ ਦੇ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘਿਰਿਆ ਸੀ।

ਦਸੰਬਰ ਦੇ ਅਖੀਰ ਵਿੱਚ ਬੰਦਾ ਸਿੰਘ ਬਹਾਦਰ ਤੇ ਉਸ ਦੇ ਦੂਸਰੇ ਕੈਦੀ ਸਾਥੀਆਂ ਨੂੰ ਲਾਹੌਰ ਲਿਆਂਦਾ ਗਿਆ, ਮੁਗਲ ਹਾਕਮਾਂ ਦੀ ਨਿਗਰਾਨੀ ਹੇਠ ਲਾਹੌਰ ਤੋਂ ਜਦੋਂ ਇਹ ਕੈਦੀਆਂ ਦਾ ਕਾਫਲਾ ਦਿੱਤੀ ਨੂੰ ਰਵਾਨਾ ਹੋਇਆ ਤਾਂ ਰਸਤੇ ਵਿਚੋਂ ਕਈ ਬੇਗੁਨਾਹ ਸਿੱਖ ਵੀ ਕੈਦ ਕਰਕੇ ਕਾਫਲੇ ਦੇ ਨਾਲ ਤੋਰ ਲਏ ਗਏ। ਇਹ ਸਮੁੱਚਾ ਕਾਫਲਾ ਬੜੇ ਹੀ ਸਖਤ ਫੌਜ ਪਹਿਰੇ ਹੇਠ 27 ਫਰਵਰੀ 1716 ਨੂੰ ਦਿੱਲੀ ਦੇ ਆਗਰਬਾਦ ਦਰਵਾਜ਼ੇ ਕੋਲ ਪੁਜਿਆ, 27 ਫਰਵਰੀ, 1716 ਨੂੰ ਇਸ ਸਮੁੱਚੇ ਕਾਫਲੇ ਨੂੰ ਜਲੂਸ ਦੀ ਸ਼ਕਲ ਵਿੱਚ ਦਿੱਲੀ ਦੇ ਬਜ਼ਾਰਾਂ ਵਿਚੋਂ ਦੀ ਲਿਜਾਇਆ ਗਿਆ। ਬੰਦਾ ਸਿੰਘ ਬਹਾਦਰ ਅਤੇ ਉਸ ਦੇ 17 ਸੀਨੀਅਰ ਸਾਥੀਆਂ ਨੂੰ ਤ੍ਰਿਪੋਲੀਆ ਕਿਲੇ ਦੀ ਕੈਦ ਵਿੱਚ ਬੰਦ ਕਰ ਦਿੱਤਾ ਗਿਆ ਸੀ, ਜਦੋਂ ਕਿ ਉਸ ਦੇ ਬਾਕੀ 740 ਸਿੰਘਾਂ ਨੂੰ ਅਲੱਗ ਕਿਲੇ ਵਿੱਚ ਰੱਖਿਆ ਗਿਆ ਅਤੇ ਮਗਰੋਂ, 100 ਸਿੰਘਾਂ ਦੇ ਜਥੇ ਨੂੰ ਹਰ ਰੋਜ ਕਤਲ ਕੀਤਾ ਜਾਂਦਾ। 10 ਮਾਰਚ ਨੂੰ ਦੋ ਅੰਗ੍ਰੇਜ਼ ਸਫੀਰਾਂ ਜੋਹਨ ਸਰਮਨ ਅਤੇ ਐਡਵਡ ਸਟੀਫਨਸਨ ਨੇ ਆਪਣੇ ਅੱਖੀਂ ਇਸ ਕਤਲੇਆਮ ਨੂੰ ਦੇਖਿਆ ਅਤੇ ਉਨ੍ਹਾਂ ਨੇ ਕਲਕੱਤੇ ਵਿਖੇ ਆਪਣੇ ਬੌਸ ਨੂੰ ਲਿਖੀ ਚਿੱਠੀ ਵਿੱਚ ਇਸ ਬਾਰੇ ਵਿਸਥਾਰ ਪੂਰਬਕ ਦੱਸਿਆ ਸੀ। ਉਨ੍ਹਾਂ ਕੰਪਨੀ ਨੂੰ ਲਿਖੀ ਚਿੱਠੀ ਵਿੱਚ ਅੰਕਿਤ ਕੀਤਾ ਕਿ ਜਿਸ ਧੀਰਜ ਨਾਲ ਸਿੱਖ ਆਪਣੀ ਤਕਦੀਰ ਨੂੰ ਪਰਵਾਣ ਕਰਦੇ ਸਨ ਇਹ ਵਡੇ ਮਾਅਰਕੇ ਦੀ ਗੱਲ ਹੈ। ਅੰਤ ਤੀਕ ਕੋਈ ਵੀ ਅਜਿਹੀ ਜਾਣਕਾਰੀ ਨਹੀਂ ਮਿਲੀ ਕਿ ਜਿਸ ਵਿਚ ਉਨ੍ਹਾਂ 'ਚੋਂ ਕਿਸੇ ਇੱਕ ਨੇ ਵੀ ਆਪਣੇ ਧਰਮ ਨੂੰ ਤਿਆਗਿਆ ਹੋਵੇ। ਇਨ੍ਹਾਂ ਕਤਲਾਂ ਵਿੱਚ ਇੱਕ ਨੌਜਵਾਨ ਦੇ ਦ੍ਰਿੜ ਇਰਾਦੇ ਦੀ ਗੱਲ ਵੀ ਅੱਖੀਂ ਦੇਖਣ ਵਾਲੇ ਲੇਖਕਾਂ ਨੇ ਲਿਖੀ ਹੈ ਕਿ ਉਸ ਸਿੱਖ ਨੌਜਵਾਨ ਦੀ ਮਾਤਾ ਨੇ ਕਿਹਾ ਹੈ ਕਿ ਮੇਰਾ ਪੁੱਤਰ ਸਿੱਖ ਨਹੀਂ ਇਸ ਕਰਕੇ ਉਸ ਨੂੰ ਛੱਡ ਦਿੱਤਾ ਜਾਵੇ। ਜਦ ਉਸ ਨੌਜਵਾਨ ਨੂੰ ਪੁੱਛਿਆ ਗਿਆ ਕਿ ਜੇ ਤੂੰ ਮੰਨ ਲਵੇਂ ਕਿ ਤੂੰ ਸਿੱਖ ਨਹੀਂ ਹਿੰਦੂ ਹੈਂ, ਤਾਂ ਤੈਨੂੰ ਛਡ ਦਿੱਤਾ ਜਾਵੇਗਾ, ਪਰ ਉਸ ਸਿੱਖ ਨੌਜਵਾਨ ਨੇ ਦ੍ਰਿੜ ਇਰਾਦੇ ਨਾਲ ਕਿਹਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਹੈ, ਹਿੰਦੂ ਨਹੀਂ, ਇਸ ਕਰਕੇ ਉਸ ਨੂੰ ਵੀ ਉਸ ਦੇ ਸਾਥੀਆਂ ਨਾਲ ਕਤਲ ਕਰ ਦਿੱਤਾ ਗਿਆ।

ਇਨ੍ਹਾਂ 740 ਸਿੰਘਾਂ ਦੇ ਕਤਲ ਤੋਂ ਬਾਅਦ ਵਾਰੀ ਆਈ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸੀਨੀਅਰ ਸਿੰਘਾਂ ਦੀ। ਬੰਦਾ ਸਿੰਘ ਬਹਾਦਰ ਦੇ ਸਾਹਮਣੇ ਹੀ ਮਹਿਰੌਲੀ ਵਿਖੇ ਖ਼ੁਆਜਾ ਕੁਤਬਦੀਨ ਬਖਤਿਆਰ ਕਾਕੀ ਦੀ ਮਾਜਾਰ ਦੇ ਨਜਦੀਕ ਉਸ ਦੇ ਸੀਨੀਅਰ ਸਾਥੀਆਂ ਭਾਈ ਬਾਜ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਫਤਹਿ ਸਿੰਘ, ਭਾਈ ਗੁਲਾਬ ਸਿੰਘ ਆਦਿ ਨੂੰ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹਾਦਤਾਂ ਦੇ ਮਗਰੋਂ ਬੰਦਾ ਸਿੰਘ ਬਹਾਦਰ ਨੂੰ ਸਿਦਕ ਤੋਂ ਡੁਲਾਉਣ ਲਈ ਉਸ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਦਾ ਕਾਲਜਾ ਕੱਢ ਕੇ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਣ ਦੀ ਕੋਸ਼ਿਸ਼ ਕੀਤੀ ਗਈ ਅਤੇ ਬੰਦਾ ਸਿੰਘ ਬਹਾਦਰ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ, ਫਿਰ ਉਸ ਦਾ ਖੱਬਾ ਪੈਰ ਵੱਡ ਦਿੱਤਾ ਗਿਆ ਉਸ ਦੇ ਪਿਛੋਂ ਉਸ ਦੇ ਦੋਨੋਂ ਹੱਥ ਵੱਡ ਕੇ ਵੱਖ-ਵੱਖ ਕਰ ਦਿੱਤੇ ਗਏ ਤੇ ਅੰਤ ਵਿੱਚ ਦੋਨੋਂ ਅੱਖਾਂ ਕੱਢ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀ 9 ਜੂਨ, 1716 ਨੂੰ ਹੋਈ । ਬੰਦਾ ਸਿੰਘ ਬਹਾਦਰ ਆਖਰੀ ਸਾਹ ਤੱਕ ਆਪਣੇ ਸਿਦਕ ਵਿਚ ਅਡੋਲ ਅਤੇ ਵਾਹਿਗੁਰੂ ਦੀ ਰਜ਼ਾ ਵਿੱਚ ਰਿਹਾ।

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਪੰਥ ਖਾਲਸੇ ਦਾ ਪਹਿਲਾ ਜਰਨੈਲ ਸਿੰਘ ਬਹਾਦਰ ਹੀ ਸੀ ਜਿਸ ਨੇ ਸਿੰਘਾਂ ਨੂੰ ਨਿਰੋਲ ਅਤੇ ਅਡੋਲ ਕੌਮੀਅਤ ਦਾ ਸਬਕ ਪੜ੍ਹਾਇਆ ਅਤੇ ਖਾਲਸੇ ਨੂੰ ਹਸੂੰ ਹਸੂੰ ਕਰਦੇ ਆਪਾ ਵਾਰ ਦੇਣਾ ਸਿਖਾਇਆ ਇਸ ਮਹਾਨ ਸ਼ਹਾਦਤ ਦੀ ਪਵਿੱਤਰ ਉਦਾਹਰਣ ਦਾ ਖਿਆਲ ਹੀ ਸਿੰਘਾਂ ਦੇ ਮਨਾਂ ਨੂੰ ਚੜ੍ਹਦੀਆਂ ਕਲਾਂ ਵਿੱਚ ਲਿਜਾਣ ਲਈ ਸਹਾਇਤਾ ਕਰਦਾ ਹੈ। ਇਹ ਬੰਦਾ ਸਿੰਘ ਬਹਾਦਰ ਹੀ ਸੀ ਜਿਸ ਦੇ ਰਾਹੀਂ ਖਾਲਸੇ ਦੀਆਂ ਜਿੱਤਾਂ ਦਾ ਰਸਤਾ ਖੁਲ੍ਹਾ। ਗੁਰੂ ਨਾਨਕ ਅਤੇ ਉਸ ਦੀ ਨਾਦੀ ਸੰਤਾਨ ਖਾਲਸੇ ਨੇ ਸੁਤੰਤਰਾ ਦੀ ਜੋ ਚੰਗਿਆੜੀ ਸੁਲਗਾਈ ਸੀ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਨੂੰ ਐਸਾ ਹਵਾ ਝੱਲੀ ਜੋ ਬੁਝਾਈ ਨਾ ਜਾ ਸਕੀ, ਸਗੋਂ ਭਾਂਬੜ ਵਾਂਗ ਮੱਚ ਉਠੀ ਅਤੇ ਪੰਜਾਬ ਨੂੰ ਮੁਗਲਾਂ ਅਤੇ ਅਫਗਾਨਾਂ ਕੋਲੋਂ ਅਜ਼ਾਦ ਕਰਵਾ ਕੇ ਹੀ ਠੰਡੀ ਹੋਈ। (ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਖਾਲਸਾ ਪੰਥ ਦੇ ਲਹੂ ਦਾ ਦਰਿਆ ਤਰ ਕੇ ਮੁੜ ਕੇ ਪੰਜਾਬ ਵਿੱਚ ਸਿੱਖ ਰਾਜ ਕਿਵੇਂ ਪ੍ਰਾਪਤ ਕੀਤਾ)। ਅਗਲੇ ਅੰਕ ਵਿੱਚ ਲਿਖਣ ਦਾ ਜਤਨ ਕਰਾਂਗੇ।

07989927477

****



ਨਾਨਕ-ਬਾਣੀ ਵਿੱਚ ਮਾਨਵੀ ਸਮਾਨਤਾ

ਦਲਜੀਤ ਕੌਰ ਦਾਊਂ

ਪੰਦਰਵੀਂ ਸਦੀ ਅਖੀਰਲੇ ਦੌਰ ਵਿੱਚ, ਗੁਰੂ ਨਾਨਕ ਦੇਵ ਜੀ ਦਾ ਇਸ ਸੰਸਾਰ ਵਿੱਚ ਆਗਮਨ ਹੋਇਆ। ਉਨ੍ਹਾਂ ਦੇ ਆਗਮਨ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਬਚਪਨ ਤੋਂ ਹੀ ਉਨ੍ਹਾਂ ਨੂੰ ਸਮਾਜ ਵਿੱਚ ਬਰਾਬਰਤਾ ਦੀ ਘਾਟ ਮਹਿਸੂਸ ਹੋਣ ਲੱਗੀ। ਜਨੇਊ ਦੀ ਰਸਮ ਸਮੇਂ ਹੀ ਉਸ ਨੇ ਪੰਡਤ ਤੋਂ ਪੁੱਛਿਆ ਉਸਦੀ ਭੈਣ ਨਾਨਕੀ ਦੇ ਕਿਉਂ ਨਹੀਂ ਪਾਇਆ, ਮੇਰੇ ਸਾਥੀਆਂ ਦੇ ਕਿਉਂ ਨਹੀਂ ਪਾਇਆ? ਪੰਡਤ ਜੀ ਉਨ੍ਹਾਂ ਦੇ ਪ੍ਰਸ਼ਨਾਂ ਸਾਹਮਣੇ ਚੁੱਪ ਵੱਟ ਲੈਂਦੇ। ਉਨ੍ਹਾਂ ਨੂੰ ਸਮਾਜ ਵਿੱਚ ਵਰਗ ਵੰਡ, ਧਰਮ ਵੰਡ ਤੇ ਲਿੰਗ ਵੰਡ ਨਜ਼ਰ ਆਈ। ਇਸ ਤੋਂ ਇਲਾਵਾ ਧਾਰਮਿਕ ਪਖੰਡ, ਲੁੱਟ, ਵਹਿਮ, ਭਰਮ, ਵਾਧੂ ਰਸਮਾਂ ਦੀ ਪੂਜਾ, ਸ਼ਰਾਧ, ਸਵਰਗ ਦਾ ਲਾਲਚ ਤੇ ਨਰਕ ਦਾ ਡਰ ਦੇ ਕੇ ਭੋਲੇ ਭਾਲੇ ਅਨਪੜ੍ਹ ਲੋਕਾਂ ਨੂੰ ਲੁੱਟਣ ਦੀ ਵਿਧੀ ਪੁਜਾਰੀ ਵਰਗ ਨੇ ਬਣਾਈ ਹੋਈ ਨਜ਼ਰ ਆਈ। ਧਰਮ ਦੇ ਅਧਾਰ 'ਤੇ ਹਿੰਦੂ, ਮੁਸਲਮਾਨਾਂ ਨੂੰ ਮਲੇਛ ਅਤੇ ਮੁਸਲਮਾਨ, ਹਿੰਦੂਆਂ ਨੂੰ ਕਾਫਰ ਕਹਿ ਕੇ ਝਗੜਦੇ ਅਤੇ ਇਕ ਦੂਜੇ ਨੂੰ ਛੂੰਹਦੇ ਤੱਕ ਨਾ। ਇਕ ਦੂਸਰੇ ਦੇ ਘਰ ਦਾ ਬਣਿਆ ਖਾਣਾ ਵੀ ਖਾਂਦੇ ਤੱਕ ਨਾ। ਬ੍ਰਾਹਮਣ ਅਤੇ ਕਸ਼ਤਰੀ ਆਪਣੇ ਆਪ ਨੂੰ ਉੱਚ ਜਾਤ ਦੇ ਸਮਝਦੇ ਤੇ ਸ਼ੂਦਰ ਤੇ ਵੈਸ਼ ਨੂੰ ਨੀਵੀਂ ਜਾਤ ਦੇ ਕਹਿ ਕੇ ਉਨ੍ਹਾਂ ਤੋਂ ਸੇਵਾ ਦੇ ਕੰਮ ਵੀ ਕਰਵਾਉਂਦੇ, ਵਗਾਰ 'ਚ ਉਨ੍ਹਾਂ ਦੀ ਕੀਤੀ ਕਿਰਤ ਨੂੰ ਲੁਟਦੇ। ਇਹ ਸੋਚ ਕੇ ਨਾਨਕ ਸ਼ੂਦਰ, ਵੈਸ਼ਾਂ ਤੇ ਕੰਮੀ ਲੋਕਾਂ ਦੀ ਧਿਰ ਬਣਕੇ ਡਟ ਗਏ। ਉਨ੍ਹਾਂ ਨੇ ਕਿਹਾ ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ।

ਗੁਰੂ ਨਾਨਕ ਨੇ ਜਦੋਂ ਸੁਲਤਾਨਪੁਰ ਲੋਧੀ ਤਿੰਨ ਦਿਨਾਂ ਦੀ ਲੰਮੀ ਇਕਾਂਤ ਵਿੱਚ ਆਪਣੇ ਮਨ ਨੂੰ ਰਿੜਕਿਆ ਤੇ ਅੰਤਰ ਆਤਮਾ ਨਾਲ ਸਵਾਲ ਜਵਾਬ ਕੀਤੇ ਤਾਂ ਇਕੋ ਸਿੱਟੇ ਤੇ ਪੁੱਜੇ। ਵੇਈਂ ਤੋਂ ਬਾਹਰ ਆ ਕੇ ਉਨ੍ਹਾਂ ਨੇ ਇਕੋ ਸ਼ਬਦ ਉਚਾਰਿਆ। "ੴ" ਉਹ ਇਕ ਹੈ ਤੇ ਧਰਮਾਂ ਵਿੱਚ ਨਹੀਂ ਵੰਡਿਆ ਹੋਇਆ, 'ਨਾ ਕੋ ਹਿੰਦੂ ਨਾ ਮੁਸਲਮਾਨ'। ਉਨ੍ਹਾਂ ਨੇ ਅਕਾਲ ਪੁਰਖ ਦੀ ਸਵੈ ਹੋਂਦ 'ਤੇ ਜ਼ੋਰ ਦਿੱਤਾ। ਉਹ ਅਕਾਲ ਪੁਰਖ ਹੈ। ਉਹ "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸੁਚ" 'ਤੇ ਜ਼ੋਰ ਦੇ ਕੇ ਲੋਕਾਂ ਨੂੰ ਇਸਦਾ ਅਰਥ ਸਮਝਾਇਆ। ਹਰ ਕਾਲ ਵਿੱਚ ਉਹੀ ੴ ਵਿਚਰਦਾ ਰਿਹਾ ਹੈ ਤੇ ਉਹ ਵਿਚਰ ਰਿਹਾ ਹੈ ਤੇ ਅੱਗੇ ਨੂੰ ਵੀ ਉਸੇ ਨੇ ਹੋਣਾ ਹੈ। ਹਰ ਇਕ ਮਨੁੱਖ ਜੋ ਇਸ ਧਰਤੀ 'ਤੇ ਪੈਦਾ ਹੋਇਆ ਹੈ। ਉਹ ਇਨਸਾਨ ਹੈ। ਨਾ ਉਹ ਹਿੰਦੂ ਹੈ ਨਾ ਮੁਸਲਮਾਨ ਹੈ। ਇਹ ਸਾਰੀਆਂ ਵੰਡੀਆਂ ਚਾਤਰ ਲੋਕਾਂ ਨੇ ਆਪਣੇ ਆਪ ਪਾਈਆਂ ਹੋਈਆਂ ਨੇ।

ਗੁਰੂ ਨਾਨਕ ਬਹੁਤ ਉੱਚੇ ਵਿਦਵਾਨ ਬਹੁਤ ਪੜ੍ਹੇ ਹੋਏ। ਭਾਰਤ ਦੀਆਂ ਕਈ ਜ਼ੁਬਾਨਾਂ ਦਾ ਉਨ੍ਹਾਂ ਨੂੰ ਗਿਆਨ ਸੀ। ਹਿੰਦੁਸਤਾਨ ਦੀਆਂ ਬਹੁਤੀਆਂ ਜ਼ਬਾਨਾਂ ਉਨ੍ਹਾਂ ਨੂੰ ਬੋਲਣੀਆਂ ਤੇ ਲਿਖਣੀਆਂ ਆਉਂਦੀਆਂ ਸਨ ਤੇ ਸਮਝਣੀਆਂ ਆਉਂਦੀਆਂ ਸਨ। ਸੁਲਤਾਨਪੁਰੋਂ ਜਦੋਂ ਉਨ੍ਹਾਂ ਨੂੰ ਇਹ ਗਿਆਨ ਹੋਇਆ ਕਿ ਸਭ ਮਨੁੱਖ ਇਨਸਾਨ ਹਨ ਤਾਂ ਉਦੋਂ ਉਨ੍ਹਾਂ ਦੀ ਉਮਰ 30 ਕੁ ਸਾਲ ਸੀ। ਆਪਣੇ ਅਨੁਭਵ ਨੂੰ ਸਾਰੇ ਦੇਸ਼ ਦੇਸ਼ਾਤਰਾਂ ਵਿੱਚ ਫੈਲਾਉਣ ਲਈ ਉਨ੍ਹਾਂ ਨੇ ਭਰਮਣ ਕਰਨਾ ਸ਼ੁਰੂ ਕੀਤਾ। ਉੱਤਰ, ਦੱਖਣ, ਪੂਰਬ, ਪੱਛਮ ਵਿੱਚ ਜਿੱਥੇ ਕਿਤੇ ਭੀ ਗਏ। ਉਹ ਹੈਰਾਨ ਹੁੰਦੇ ਕਿ ਕਿਵੇਂ ਮਨੁੱਖ ਮਨੁੱਖ ਨੂੰ ਲੁੱਟ ਰਿਹਾ ਸੀ। ਕੀ ਰਾਜੇ, ਕੀ ਅਹਿਲਕਾਰ, ਕੀ ਧਾਰਮਿਕ ਆਗੂ, ਗਿਆਨ ਹੀਣ ਲੋਕਾਂ ਨੂੰ ਆਰਥਿਕ ਪੱਖੋਂ, ਸਮਾਜਿਕ ਅਤੇ ਧਾਰਮਿਕ ਪੱਖੋਂ ਲੁੱਟ ਰਹੇ ਸਨ। ਉਨ੍ਹਾਂ ਅੰਦਰ ਇਹ ਭੀ ਅਹਿਸਾਸ ਨਹੀਂ ਸੀ ਕਿ ਉਹ ਲੁੱਟੇ ਜਾ ਰਹੇ ਹਨ। ਉਸੇ ਤਰ੍ਹਾਂ ਦੀ ਹਾਲਤ ਵਿੱਚ ਜੀਣ ਅਤੇ ਥੀਣ, ਜੀਵਨ ਬਸਰ ਕਰਨ ਨੂੰ ਆਪਣੀ ਹੋਣੀ ਮੰਨ ਲਿਆ ਸੀ। ਕੁਦਰਤ ਦੀਆਂ ਸਾਰੀਆਂ ਬਖਸ਼ਸ਼ਾਂ ਉੱਤੇ ਉਸ ਕੁਲੀਨ ਵਰਗ ਦਾ ਹੀ ਹੱਕ ਸੀ। ਬਾਕੀ ਦੇ ਸ਼ੂਦਰ ਵੈਸ ਅਤੇ ਔਰਤ ਜਾਤ ਉਨ੍ਹਾਂ ਦੇ ਗੁਲਾਮ ਸਨ। ਉਨ੍ਹਾਂ ਦੀ ਸੇਵਾ ਲਈ ਹੀ ਪ੍ਰਮਾਤਮਾ ਨੇ ਬਣਾਏ ਸਨ। ਸਾਰੇ ਕਾਨੂੰਨ ਉਨ੍ਹਾਂ ਨੇ ਆਪਣੇ ਫਾਇਦੇ ਲਈ ਹੀ ਬਣਾਏ ਹੋਏ ਸਨ । ਔਰਤਾਂ ਅਤੇ ਨੀਵੀਂ ਜਾਤੀ ਵਾਲਿਆਂ ਨੂੰ ਵਿਦਿਆ ਪ੍ਰਾਪਤ ਕਰਨ ਦਾ ਵੀ ਕੋਈ

ਅਧਿਕਾਰ ਨਹੀਂ ਸੀ। ਉਨ੍ਹਾਂ ਨੂੰ ਮੰਦਰਾਂ 'ਚ ਜਾਣ ਦੀ ਮਨਾਹੀ ਸੀ। ਨਾ ਉਹ ਵੇਦ ਬਾਣੀ ਪੜ੍ਹ ਸਕਦੇ ਸੀ ਨਾ ਸੁਣ ਸਕਦੇ ਸੀ। ਜੇਕਰ ਕੋਈ ਮੰਦਰ ਵਿੱਚ ਭੁੱਲ ਭੁਲੇਖੇ ਚੜ੍ਹ ਜਾਂਦਾ ਸੀ ਤਾਂ ਸਮਾਜਿਕ ਤੌਰ ਤੇ ਸਖਤ ਤੋਂ ਸਖਤ ਸਜਾ ਦਿੱਤੀ ਜਾਂਦੀ ਸੀ। ਖੂਹਾਂ 'ਤੇ ਚੜ੍ਹ ਕੇ ਜਾਂ ਤਲਾਬ ਵਿਚੋਂ ਪਾਣੀ ਲੈਣ ਦੀ ਵੀ ਆਗਿਆ ਨਹੀਂ ਸੀ। ਵਗਦੇ ਖੂਹ ਤੋਂ ਉਹ ਪਾੜਛੇ ਜਾਂ ਵੱਡੇ ਔਲੂ ਚੋਂ ਪਾਣੀ ਨਹੀਂ ਸੀ ਪੀ ਸਕਦੇ। ਔਲੂ ਦੇ ਹੇਠਾਂ ਇਕ ਚੁੱਭੀ ਬਣੀ ਹੁੰਦੀ ਜਿਸ ਵਿੱਚ ਔਲੂ ਦਾ ਪਾਣੀ ਡਿਗਦਾ ਸੀ। ਉਸ ਵਿਚੋਂ ਪਾਣੀ ਪੀਂਦੇ ਸਨ। ਉਨ੍ਹਾਂ ਦੇ ਖਾਣ-ਪੀਣ ਵਾਲੇ ਬਰਤਨ ਵੀ ਜੁਦਾ ਰੱਖੇ ਜਾਂਦੇ ਸਨ। ਸਬਰੀ ਮਾਲਾ ਦੇ ਮੰਦਰ ਵਿੱਚ ਅਜੇ ਤਕ ਵੀ ਔਰਤਾਂ ਨੂੰ ਪੂਜਾ ਕਰਨ ਜਾਣ ਦੀ ਮਨਾਹੀ ਹੈ। ਸੁਪਰੀਮ ਕੋਰਟ ਦੇ ਆਰਡਰ 'ਤੇ ਵੀ ਪੁਜਾਰੀ ਵਰਗ ਔਰਤਾਂ ਨੂੰ ਅੰਦਰ ਜਾਣ ਤੋਂ ਰੋਕ ਰਿਹਾ ਹੈ। ਕੇਰਲਾ ਵਿੱਚ ਭਗਵਾਨ ਅਯਪਾ ਦਾ ਮੰਦਰ ਹੈ। ਜਿਸ ਵਿੱਚ ਔਰਤਾਂ ਦੇ ਦਾਖਲ ਹੋਣ ਤੋਂ ਬਾਅਦ ਇੱਕ ਘੰਟਾ ਬੰਦ ਰੱਖ ਕੇ ਮੰਦਰ ਦੀ ਸ਼ੁੱਧੀ ਕੀਤੀ ਗਈ। 3.01.2019 ਨੂੰ ਪੁਜਾਰੀ ਵਰਗ ਦੇ ਇੱਟਾਂ ਪੱਥਰ ਨਾਲ ਵਿਰੋਧ ਕੀਤਾ। ਕਈ ਜਖਮੀ ਹੋਏ ਵਾਪਸ ਆਈਆਂ ਔਰਤਾਂ ਨੂੰ ਨਾ ਸਹੁਰਿਆਂ ਨਾ ਪੇਕਿਆਂ ਨੇ ਘਰ ਵਾੜਿਆ।

ਚੰਡੀਗੜ੍ਹ ਸਕੱਤਰੇਤ ਦੇ ਬਿਲਕੁਲ ਨਾਲ ਲੱਗਦੇ ਪਿੰਡ ਕਾਂਸਲ ਵਿੱਚ ਅੱਜ ਵੀ ਲਿਖ ਕੇ ਲਾਇਆ ਹੋਇਆ ਹੈ। "ਇਸ ਖੇੜੇ ਮੰਦਰ 'ਤੇ ਔਰਤਾਂ ਨੂੰ ਚੜ੍ਹਨ ਦੀ ਸਖਤ ਮਨਾਹੀ ਹੈ।" ਜਦੋਂ ਕਿ ਗੁਰੂ ਨਾਨਕ ਨੇ ਤਾਂ ਔਰਤਾਂ ਨੂੰ ਬਹੁਤ ਉੱਚਾ ਦਰਜਾ ਦਿੱਤਾ ਹੈ। ਇਹ ਕਹਿ ਕੇ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਗੁਰੂ ਨਾਨਕ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵੱਡੇ ਵੱਡੇ ਧਾਰਮਿਕ ਸਥਾਨਾਂ ਤੇ ਜਾਣ ਦਾ ਫੈਸਲਾ ਕੀਤਾ। ਜਿੱਥੇ ਜਿੱਥੇ ਵੀ ਵੱਡੇ ਵੱਡੇ ਉਰਸ ਲਾਏ ਜਾਂਦੇ ਸਨ ਉਨ੍ਹਾਂ ਦੇ ਇਕੱਠਾ ਵਿੱਚ ਜਾਣ ਦਾ ਤੇ ਉਥੇ ਜਾ ਕੇ ਉਨ੍ਹਾਂ ਦੇ ਪਾਖੰਡਾਂ ਨੂੰ ਦੇਖਣ ਅਤੇ ਉਨ੍ਹਾਂ ਦੇ ਵਿਰੁੱਧ ਅਵਾਜ਼ ਉਠਾਉਣ ਅਤੇ ਉਨ੍ਹਾਂ ਦੇ ਪਾਜ਼ ਖੋਲ੍ਹਣ ਦਾ ਆਪਣੇ ਮਨ ਵਿੱਚ ਫੈਸਲਾ ਕਰ ਲਿਆ। ਬੋਧੀਆਂ ਤੇ ਜੈਨੀਆਂ ਦੇ ਤੀਰਥਾਂ 'ਤੇ ਜਾਣ ਦਾ ਫੈਸਲਾ ਵੀ ਕਰ ਲਿਆ।

ਗੁਰੂ ਨਾਨਕ ਅਤੇ ਉਨ੍ਹਾਂ ਦੇ ਅਗਲੇ ਪੈਰੋਕਾਰਾਂ ਨੇ ਅਤੇ ਉਸ ਸਮੇਂ ਦੇ ਭਗਤਾਂ ਨੇ ਜੋ ਉੱਚ ਪਾਏ ਦੀ ਕਵਿਤਾ ਲਿਖੀ। ਉਹ ਕਵਿਤਾ ਪ੍ਰਮਾਤਮਾ ਦੀ ਹੋਂਦ ਬਾਰੇ ਮਨੁੱਖ ਦੇ ਕਲਿਆਣ ਬਾਰੇ ਹੈ। ਉਹ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਸੇ ਨੂੰ ਗੁਰੂਆਂ ਦੇ ਮੁੱਖ ਤੋਂ ਨਿਕਲੀ ਹੋਈ 'ਗੁਰਬਾਣੀ' ਕਿਹਾ ਜਾਂਦਾ ਹੈ। ਮਾਨਵਵਾਦ ਅਤੇ ਗੁਰਬਾਣੀ ਇਕੋ ਸਿੱਕੇ ਦੇ ਦੋ ਪਾਸੇ ਕਹੇ ਜਾ ਸਕਦੇ ਨੇ।

ਇਹ ਧਰਤੀ ਜੋ ਬ੍ਰਹਿਮੰਡ ਦਾ ਹਿੱਸਾ ਹੈ, ਜਿਸ ਉਪਰ ਪ੍ਰਮਾਤਮਾ ਨੇ ਮਨੁੱਖ ਨੂੰ ਭੇਜਿਆ ਹੈ। ਉਹ ਧਰਮਸ਼ਾਲ ਹੈ। ਇਸ 'ਤੇ ਰਹਿ ਕੇ ਮਨੁੱਖ ਨੇ ਧਰਮ ਦੇ ਕੰਮ ਕਰਨੇ ਹੁੰਦੇ ਨੇ। ਭਾਵ ਅਕਾਲਪੁਰਖ ਨੇ ਮਨੁੱਖ ਨੂੰ ਸੰਸਾਰ ਵਿੱਚ ਧਰਮ ਦੇ ਕੰਮ ਕਰਨ ਲਈ ਹੀ ਭੇਜਿਆ ਹੈ:

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥

(ਜਪੁ ਜੀ ਪਉੜੀ 34)

ਧਰਤੀ 'ਤੇ ਧਰਮ ਦੀ ਥਾਂ ਅਧਰਮ, ਝੂਠ, ਫਰੇਬ ਦਾ ਜਾਲ ਵਿਛ ਗਿਆ ਸੀ। ਪੰਡਿਤ ਪ੍ਰੋਹਤ ਸ਼੍ਰੇਣੀ ਕਈ ਤਰ੍ਹਾਂ ਦੇ ਝੂਠੇ ਜਾਲ ਗੁੰਦ ਲੈਂਦੀ। ਆਮ ਲੋਕਾਂ ਨੂੰ, ਦਾਨ-ਦਕਸ਼ਣਾ ਦੇਣ ਨਾਲ ਪਾਪ ਪੁੰਨ 'ਚ ਬਦਲ ਜਾਂਦੇ ਬਾਰੇ ਭਰਮਾ ਲੈਂਦੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਮਰਦਾਨੇ ਮਰਾਸੀ ਨੂੰ ਨਾਲ ਲਿਆ। ਗਲ ਵਿੱਚ ਚੋਲਾ ਪਾ ਲਿਆ ਤੇੜ ਤਹਿਮਤ ਤੇ ਇਕ ਸੋਟਾ (ਫਕੀਰੀ) ਹੱਥ ਵਿੱਚ ਫੜ ਲਿਆ। ਚੇਤ ਦੇ ਮਹੀਨੇ ਹਰਿਦੁਆਰ ਨੂੰ ਪੈਦਲ ਚਲ ਪਏ ਉੱਥੇ ਵਿਸਾਖੀ ਭਰਦੀ ਸੀ। ਵੱਡੇ ਵੱਡੇ ਪੰਡਿਤ, ਰਿਸ਼ੀ, ਵੇਦਾਂਤੀ, ਅਚਾਰੀਆ, ਤੇ ਹੋਰ ਯਾਤਰੀ ਭੀ ਪੁੱਜ ਗਏ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠ ਹੋ ਗਿਆ ਹੁਣ ਤਾਂ ਲੱਖਾਂ ਵਿੱਚ ਸ਼ਰਧਾਲੂ ਪੁੱਜ ਜਾਂਦੇ ਹਨ।

1. ਗੁਰੂ ਨਾਨਕ ਦੇਵ ਜੀ ਵੀ ਪੁੱਜ ਗਏ। ਸਵੇਰੇ ਹੀ ਸੂਰਜ ਦਰਸ਼ਨ ਲਈ ਪੰਡਤਾਂ ਨੇ ਗੜਵੀਆਂ ਚੁੱਕੀਆਂ ਤੇ ਗੰਗਾ ਵਿੱਚ ਵੜ ਕੇ ਗਾਇਤ੍ਰੀ ਮੰਤ੍ਰ ਦਾ ਉਚਾਰਨ ਕਰਦੇ ਹੋਏ ਸੂਰਜ ਨੂੰ ਪਾਣੀ ਦੇਣ ਲੱਗੇ। ਗੁਰੂ ਨਾਨਕ ਦੇਵ ਜੀ ਭੀ ਗੰਗਾ ਵਿੱਚ ਵੜ ਗਏ ਤੇ ਛੱਪਾ ਛੱਪ ਪਾਣੀ ਦੇ ਬੁੱਕ ਭਰ-ਭਰ ਪੱਛਮ ਵੱਲ ਮੂੰਹ ਕਰਕੇ ਬਾਹਰ ਡੋਲ੍ਹਣ ਲੱਗ ਪਏ। ਉਨ੍ਹਾਂ ਨੂੰ ਦੇਖ ਕੇ ਪੰਡਤ ਤਲਮਲਾਏ ਤੇ ਪੁੱਛਿਆ ਤੂੰ ਇਹ ਅਵਗਿਆ ਕੀ ਕਰਨ ਲੱਗ ਪਿਆ ਛਿਪਦੇ ਵੱਲ ਪਾਣੀ ਦਿੰਦਾ ਹੈ।ਗੁਰੂ ਨਾਨਕ ਬੋਲੇ ਪੰਜਾਬ ਵਿੱਚ ਬਾਰਸ਼ ਹੋਈ ਨਹੀਂ ਮੇਰੀ ਖੇਤੀ ਸੁੱਕ ਰਹੀ ਹੈ। ਉਸਨੂੰ ਸਿੰਜ ਰਿਹਾ ਹਾਂ। ਪੰਡਿਤ ਬੋਲੇ ਇਤਨੀ ਦੂਰ ਪੰਜਾਬ ਵਿੱਚ ਪਾਣੀ ਚਲਾ ਜਾਏਗਾ। ਗੁਰੂ ਨਾਨਕ ਬੋਲੇ ਜੇਕਰ ਆਪਦਾ ਪਾਣੀ ਕਰੋੜਾਂ ਮੀਲ ਸੂਰਜ ਪਾਸ ਪੁੱਜ ਸਕਦਾ ਹੈ ਤਾਂ ਮੇਰਾ ਦਿੱਤਾ ਪਾਣੀ ਪੰਜਾਬ ਵਿੱਚ ਨਹੀਂ ਪੁੱਜੇਗਾ? ਬ੍ਰਾਹਮਣ ਛਿੱਥੇ ਹੋ ਕੇ ਚਲੇ ਗਏ ਫਿਰ ਉਨ੍ਹਾਂ ਦਾ ਹੀਅ ਨਾ ਪਿਆ ਗੰਗਾ ਵਿੱਚ ਵੜ੍ਹਕੇ ਸੂਰਜ ਨੂੰ ਪਾਣੀ ਦੇਣ ਦਾ। ਸੂਰਜ ਨੂੰ ਪਾਣੀ ਅਰਪਨ ਕਰਨ

ਦਾ, ਦੇਵਤਾ ਪੂਜਾ ਅਤੇ ਅਵਤਾਰ ਪੂਜਾ ਦਾ ਖੰਡਨ ਕੀਤਾ। ਪੈਗੰਬਰ ਰੱਬ ਦਾ ਰੂਪ ਨੇ ਭਾਵੇਂ ਪਰ ਰੱਬ ਨਹੀਂ। 'ਪੰਡਤ ਸੋਚੀਂ ਪੈ ਗਏ।"

2. ਸ਼ਾਮ ਹੋਈ ਰਾਤ ਦੀ ਰੋਟੀ ਦਾ ਸਮਾਂ ਹੋ ਗਿਆ। ਮਰਦਾਨਾ ਲਗਾ ਭੋਜਨ ਬਨਾਉਣ। ਨਾਲ ਹੀ ਇਕ ਵੈਸ਼ਨਵ ਚੌਂਕਾ ਤਿਆਰ ਕਰਕੇ ਭੋਜਨ ਬਨਾਉਣ ਲੱਗਾ। ਮਰਦਾਨਾ ਉਸ ਪਾਸੋਂ ਅੱਗ ਉਧਾਰੀ ਲੈਣ ਚਲਾ ਗਿਆ। ਵੈਸ਼ਨਵ ਮਰਦਾਨੇ ਦਾ ਪਹਿਰਾਵਾ ਦੇਖ ਕੇ ਉਸ ਨੂੰ ਨੀਚ ਜਾਤ ਸਮਝ ਕੇ ਉਸ ਤੇ ਕੜਕ ਕੇ ਬੋਲਿਆ, "ਚੰਡਾਲਾ" ਅੰਨ੍ਹਾਂ ਏ ਤੂੰ ਮੇਰੀ ਰਸੋਈ ਭਿੱਟ ਦਿੱਤੀ ਚੌਂਕਾ ਭਰਿਸ਼ਟ ਕਰ ਦਿੱਤਾ ਸਾਰੇ ਦਾ ਸਾਰਾ।" ਮਰਦਾਨਾ ਮਸਾਂ ਜਾਨ ਬਚਾ ਕੇ ਬਾਬੇ ਨਾਨਕ ਪਾਸ ਆਇਆ ਕਿਉਂਕਿ ਮਰਦਾਨੇ ਨੂੰ 8, 10 ਵੈਸ਼ਨਵ ਹੋਰ ਚੁੰਬੜ ਗਏ ਸੀ।

ਮੇਲੇ ਵਿੱਚ ਚਾਰੇ ਪਾਸੇ ਬਾਬੇ ਨਾਨਕ ਦਾ ਜਸ ਹੋਣ ਲੱਗਾ। ਜਸ ਸੁਨਕੇ ਵੈਸ਼ਨਵ ਬਾਬੇ ਲਈ ਭੋਜਨ ਲਿਆਇਆ। ਬਾਬੇ ਨੇ ਭੋਜਨ ਨਾ ਮਨਜ਼ੂਰ ਕਰ ਦਿੱਤਾ। ਭੋਜਨ ਅਸ਼ੁੱਧ ਹੈ। ਭਰਿਸ਼ਟ ਹੋ ਚੁੱਕਾ। ਪੰਡਤ ਨੇ ਕਿਹਾ, "ਚੌਂਕੇ ਵਿੱਚ ਤਾਂ ਕੋਈ ਗਿਆ ਉਸ ਦੇ ਸਿਵਾਏ। ਬਾਬੇ ਨਾਨਕ ਨੇ ਕਿਹਾ, "ਚਾਰ ਚੰਡਾਲ ਤੇਰੇ ਨਾਲ ਹੀ ਵੜ ਗਏ ਚੌਂਕੇ ਵਿੱਚ, ਤੂੰ ਉਨ੍ਹਾਂ ਤੋਂ ਪਿਛਾ ਛੁਡਾਉਣ ਦੀ ਕੋਸ਼ਿਸ਼ ਵੀ ਨਹੀਂ ਕਰ ਰਿਹਾ। ਬਾਬੇ ਨਾਨਕ ਨੇ ਉਸੇ ਵਕਤ ਸ਼ਬਦ ਉਚਾਰਿਆ:

ਕੁਬੁਧਿ ਡੂਮਣੀ ਕੁਦਇਆ ਕਸਾਇਣਿ॥
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਥੀਐ ਜਾ ਚਾਰੇ ਬੈਠੀਆਂ ਨਾਲ॥
ਸਚੁ ਸੰਜਮੁ ਕਰਣੀ ਕਾਰਾ ਨਾਵਣ ਨਾਉ ਜਪੇਹੀ॥
ਨਾਨਕ ਅਗੈ ਊਤਮ ਸੇਈ ਕਿ ਪਾਪਾਂ ਪੰਦਿ ਨ ਦੇਹੀ॥
(ਮ: ੧ ਸਿਰੀ ਰਾਗੁ ੯੧)

ਅਨੇਕਾਂ ਸਨਿਆਸੀ ਜੋਗੀ, ਬ੍ਰਹਮਚਾਰੀ ਮੇਲੇ ਚੋਂ ਨਾਨਕ ਪਾਸ ਆਏ ਕੀਰਤਨ ਸੁਣਿਆ ਅੰਮ੍ਰਿਤ ਬਚਨ ਸੁਣੇ। ਗੜਵਾਲ ਦਾ ਰਾਜਾ ਵਿਜੈ ਪ੍ਰਕਾਸ਼ ਵੀ ਆਇਆ। ਉਸਨੇ ਕਈ ਪ੍ਰਸ਼ਨ ਪੁੱਛੇ ਪਰਿਵਾਰ ਬਾਰੇ ਤੇ ਉਦਾਸੀ ਲਿਆਸ ਬਾਰੇ। ਬਾਬੇ ਉੱਤਰ ਦਿੱਤਾ, ਕੋਈ ਜਾਤ ਨਹੀਂ, ਧਰਮ ਨਹੀਂ ਇਨਸਾਨ ਤਾਂ ਇਨਸਾਨ ਹੈ।

ਹਰਿਦੁਆਰ ਤੋਂ ਤੁਰਦੇ ਕੁਰਕਸ਼ੇਤਰ ਪੁੱਜ ਗਏ। ਉਨ੍ਹਾਂ ਨੂੰ ਉਥੇ ਸਿਧਾਂ ਦੀ ਟੋਲੀ ਮਿਲ ਗਈ। ਉਨ੍ਹਾਂ ਨੇ ਹਠ ਯੋਗ ਵਿੱਚ ਸਾਰੀ ਉਮਰ ਗੁਜਾਰ ਦਿੱਤੀ। ਸੂਰਜ ਗ੍ਰਹਿਣ ਕੁੰਭ ਦੇ ਮੇਲੇ 'ਤੇ ਆਏ ਹੋਏ ਸਨ ਉਹ। ਸਾਰੀ ਉਮਰ ਵਿੱਚ ਮੰਜ਼ਲ ਪ੍ਰਾਪਤ ਨਾ ਹੋਈ। ਉਥੇ ਗੁਰੂ ਨਾਨਕ ਨੇ ਸਹਿਜ ਯੋਗ ਦਾ ਉਪਦੇਸ਼ ਦੇ ਕੇ ਸਮਝਾਇਆ ਸਿੱਧਾਂ ਨੂੰ।

ਉਥੇ ਹੀ ਨਾਨੂੰ ਪੰਡਤ ਭਵਿਸ਼ ਪੁਰਾਣ ਪੜ੍ਹਕੇ, ਕਲਜੁਗ ਵਿੱਚ ਨਾਨਕ ਅਵਤਾਰ ਬਣ ਬੈਠਾ। ਬਦਕਿਸਮਤੀ ਨੂੰ ਅਸਲੀ ਨਾਨਕ ਅਵਤਾਰ ਪੁੱਜ ਗਿਆ। ਉਥੇ ਹੀ ਰਾਜਕੁਮਾਰ 'ਜਗਤ ਰਾਹੇ ਹਾਂਸੀ' ਪੁੱਜ ਗਿਆ ਬਾਬੇ ਦੀ ਮਿਹਰ ਲੈਣ, ਬਾਬੇ ਨੇ ਆਖਿਆ ਗਰੀਬਾਂ ਲਈ ਲੰਗਰ ਲਾਦੇ, ਪੰਡਤਾਂ ਉੱਚ ਸ੍ਰੇਣੀ ਵਾਲਿਆਂ ਲਈ ਤਾਂ ਬਥੇਰੇ ਲੰਗਰ ਲਗੇ ਹੋਏ ਨੇ ਪਹਿਲਾਂ ਹੀ। ਰਾਜਕੁਮਾਰ ਨੇ ਕਿਹਾ ਮੈਂ ਤਾਂ ਦਾਨ ਦਕਸ਼ਣਾ ਵਿੱਚ ਸਾਰਾ ਕੁਝ ਦੇ ਦਿੱਤਾ ਪੰਡਤਾਂ ਨੂੰ ਹੁਣ ਤਾਂ ਮੇਰੇ ਪਾਸ ਇਕ ਹਿਰਨ ਹੈ। ਬਾਬੇ ਨੇ ਕਿਹਾ ਇਹੀ ਰਿੰਨ ਨੇ ਖੁਆ ਦੇ ਗਰੀਬਾਂ ਨੂੰ। ਉਸਨੇ ਹਿਰਨ ਦਾ ਮਾਸ ਰਿਨ੍ਹਣ ਦਾ ਹੁਕਮ ਦੇ ਦਿੱਤਾ। ਇਹ ਗਲ ਸਾਰੇ ਮੇਲੇ ਵਿੱਚ ਅੱਗ ਲਾ ਕੇ ਆਖਣ ਲੱਗੇ ਜੇ ਬਾਬਾ ਨਾਨਕ 'ਨਾਨੂੰ' ਨੂੰ ਸ਼ਾਸਤਾਰਥ ਵਿੱਚ ਹਰਾ ਦੇਵੇ ਤਾਂ ਲੋਕ ਬਾਬੇ ਨਾਨਕ ਨੂੰ ਕਲਯੁਗ ਦਾ ਅਵਤਾਰ ਮੰਨਣਗੇ। ਬੜੀ ਗਰਮਾ ਗਰਮ ਬਹਿਸ ਹੋਈ। ਸਾਰੀ ਬਹਿਸ ਦਾ ਤੱਤ ਸਾਰ ਇਕ ਸ਼ਬਦ ਉਚਾਰ ਕੇ ਸਮਝਾ ਦਿੱਤਾ ਬਾਬੇ ਨਾਨਕ ਨੇ।

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੈ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੈ॥

ਫਿਰ ਅੱਗੇ ਕਿਹਾ:-

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥

ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥

ਪਾਂਡੇ ਤੂ ਜਾਣੈ ਨਾਹੀ ਕਿਥਹੁ ਮਾਸੁ ਉਪੰਨਾ॥

ਤੋਇਅਹੁ ਅੰਨੁ ਕਮਾਦੁ ਕਪਾਹਾ ਤੋਇਅਹੁ ਤ੍ਰਿਭਵਣੁ ਗੰਨਾ॥

ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥

ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥

(ਮ: ੧ ਵਾਰ ਮਲਾਰ)

ਗੁਰੂ ਨਾਨਕ ਤੋਂ ਸ਼ਬਦ ਪਹੁਲ ਲੈ ਕੇ ਬਹੁਤ ਪੰਡਤ ਸਿੱਖ ਬਣੇ। ਕੁਰੁਖਸ਼ੇਤਰ ਵਿੱਚ ਗੁਰੂ ਗੋਬਿੰਦ ਸਿੰਘ ਤੱਕ ਬੜੀ ਸੰਗਤ ਜੁੜਦੀ ਰਹੀ।

(ਸਾਖੀ ਭਾਈ ਮਨੀ ਸਿੰਘ)

9915560280

****

ਗੁਰੂ ਨਾਨਕ ਕਾਵਿ ਅੰਜਲੀ



ਮਨਮੋਹਨ ਸਿੰਘ ਦਾਊਂ

ਪਹਿਲਾ ਸਰਗ
ਗੁਰੂ ਨਾਨਕ ਜੋਤ ਨੂੰ ਸਿਜਦਾ

ਘਰਿ ਘਰਿ ਬਾਬਾ ਪੂਜੀਐ, ਹਿੰਦੂ ਮੁਸਲਮਾਨ ਗੁਆਈ।
ਛਪੇ ਨਾਹਿ ਛਪਾਇਆ, ਚੜ੍ਹਿਆ ਸੂਰਜ ਜਗੁ ਰੁਸ਼ਨਾਈ।
-ਭਾਈ ਗੁਰਦਾਸ

ਪ੍ਰਾਰੰਭ

ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ।
ਤਿਨ ਕਉ ਕਿਆ ਉਪਦੇਸੀਐ,
ਜਿਨ ਗੁਰੂ ਨਾਨਕ ਦੇਉ॥
-ਗੁਰੂ ਅੰਗਦ ਦੇਵ ਜੀ

ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ,
ਤਿਉ ਪਾਪੀ ਸੰਗਿ ਤਰੇ ਸਾਧ,
ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ।
ਚਾਰਿ ਬਰਨ ਚਾਰਿ ਆਸ੍ਰਮ ਹੈ,
ਕੋਈ ਮਿਲੇ ਗੁਰੂ ਗੁਰ ਨਾਨਕ ਸੋ ਆਪਿ ਤਰੈ
ਕੁਲ ਸਗਲ ਤਰਾਧੋ॥
-ਗੁਰੂ ਰਾਮ ਦਾਸ ਜੀ

ਬਲਿਓ ਚਰਾਗੁ ਅੰਧਾਰ ਮਹਿ,
ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟ ਸਗਲ ਹਰਿ ਭਵਨ ਮਹਿ,
ਜਨੁ ਨਾਨਕੁ ਗੁਰੂ ਪਾਰਬ੍ਰਹਮੁ॥
-ਗੁਰੂ ਅਰਜਨ ਦੇਵ ਜੀ

ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਜਉ॥
ਹਰਿ ਗੁਰੂ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦਹੁ ਥੇ ਰਹਿਓ॥
-ਗੁਰ ਅਰਜਨ ਦੇਵ ਜੀ

ਸਭ ਤੇ ਵਡਾ ਸਤਿ ਗੁਰੂ ਨਾਨਕੁ ਜਿਨਿ ਕਲ ਰਾਖੀ ਮੇਰੀ॥
-ਗੁਰੂ ਅਰਜਨ ਦੇਵ ਜੀ

ਗੁਰੂ ਨਾਨ ਜਿਨਿ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥
-ਗੁਰੂ ਅਰਜਨ ਦੇਵ ਜੀ

ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨ ਰਾਇ॥
ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥
-ਗੁਰੂ ਗੋਬਿੰਦ ਸਿੰਘ ਜੀ

ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਯਉ।
-ਭੱਟ ਮਥਰਾ

ਪ੍ਰਥਮੇ ਨਾਨਕ ਚੰਦੁ, ਜਗਤ ਭਯੋ ਅਨੰਦੁ,
ਤਾਰਿਨ ਮਨੁਖ ਜਨ, ਕੀਅਉ ਪ੍ਰਗਾਸ॥
-ਭੱਟ ਨਲ

ਗੁਰੂ ਨਾਨਕੁ, ਨਿਕਟਿ ਬਸੈ ਬਨਵਾਰੀ।
-ਭੱਟ ਗਯੰਦ

ਸਤਿਗੁਰਿ ਨਾਨਕਿ, ਭਗਤਿ ਕਰੀ ਇਕ ਮਨਿ,
ਤਨੁ ਮਨੁ ਧਨ, ਗੋਬਿੰਦ ਦੀਅਉ॥
-ਭੱਟ ਬੱਲ੍ਹ

ਨਾਨਕਿ, ਨਾਮੁ ਨਿਰੰਜਨ ਜਾਨਉ,
ਕੀਨੀ ਭਗਤਿ ਪ੍ਰੇਮ ਲਿਵ ਲਾਈ॥
-ਭੱਟ ਕੀਰਤ

ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ,
ਰਾਜੁ ਜੋਗ ਜਿਨਿ ਮਾਣਿਓ॥
-ਭੱਟ ਕਲ੍ਹ

ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਨੀ ਨੀਵਦੈ॥

-ਰਾਇ ਬਲਵੰਡ

ਗੁਰੂ ਨਾਨਕ ਸ਼ਾਹ ਫਕੀਰ
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ

(ਲੋਕ ਅਖਾਣ)

ਬੁਲਬੁਲ ਕੋ ਗੁਲ ਮੁਬਾਰਕ, ਗੁਲ ਕੋ ਚਮਨ ਮੁਬਾਰਕ,
ਨਾਨਕ ਕੇ ਆਸ਼ਕੋਂ ਕੋ, ਖਾਕਿ ਗੁਰੂ ਮੁਬਾਰਕ।

(ਲੋਕ ਅਖਾਣ)

ਭਾਈ ਗੁਰਦਾਸ ਦੀ ਪਹਿਲੀ ਵਾਰ 'ਚੋਂ (ਪਉੜੀ 27 ਤੋਂ ਪਉੜੀ 49 ਤੱਕ)

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥
ਜਿਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥
ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ॥
ਬਾਬੇ ਤਾਰੇ ਚਾਰ ਚਕ ਨੌਂ ਖੰਡ ਪ੍ਰਿਥਮੀ ਸਚਾ ਢੋਆ॥
ਗੁਰਮੁਖ ਕਲਿ ਵਿਚ ਪਰਗਟ ਹੋਆ॥੨੭॥

ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੇ ਤਕ ਆਹੀ॥
ਫਿਰ ਜਾ ਚੜੇ ਸੁਮੇਰ ਪਰ ਸਿਧ ਮੰਡਲੀ ਦ੍ਰਿਸ਼ਟੀ ਆਈ॥
ਚੌਰਾਸੀਹ ਸਿਧ ਗੋਰਖਾਦਿ ਮਨ ਅੰਦਰ ਗਣਤੀ ਵਰਤਾਈ॥
ਸਿਧ ਪੁੱਛਨ ਸੁਨ ਬਾਲਿਆ ਕੌਨ ਸ਼ਕਤ ਤੁਹਿ ਏਥੇ ਲਿਆਈ॥
ਹਉਂ ਜਪਿਆ ਪਰਮੇਸ਼ਰੋ ਭਾਉ ਭਗਤ ਸੰਗ ਤਾੜੀ ਲਾਈ॥
ਆਖਣ ਸਿਧ ਸੁਣ ਬਾਲਿਆ ਆਪਣਾ ਨਾਂ ਤੁਮ ਦੇਹੁ ਬਤਾਈ॥
ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤ ਪਾਈ॥
ਨੀਚ ਕਹਾਇ ਉਚ ਘਰ ਆਈ॥੨੮॥

ਫਿਰ ਪੁੱਛਣ ਸਿਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ॥
ਸਭ ਸਿਧੀਂ ਏਹ ਬੁਝਿਆ ਕਲਿ ਤਾਰਣ ਨਾਨਕ ਅਵਤਾਰਾ॥
ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ॥
ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜਿਆ ਸੰਸਾਰਾ॥
ਪਾਪ ਗਿਰਾਸੀ ਪਿਰਥਮੀ ਧੌਲ ਖੜਾ ਹੇਠ ਪੁਕਾਰਾ॥
ਸਿਧ ਛਪ ਬੈਠੇ ਪਰਬਤੀਂ ਕੌਣ ਜਗ ਕਉ ਪਾਰ ਉਤਾਰਾ॥
ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ॥
ਬਾਝ ਗੁਰੂ ਡੁੱਬਾ ਜਗ ਸਾਰਾ॥

ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥
ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ॥
ਚੇਲੇ ਸਾਰ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ॥
ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈ॥
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ॥
ਇਸਤ੍ਰੀ ਪੁਰਖਾ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ॥
ਵਰਤਿਆ ਪਾਪ ਸਭਸ ਜਗ ਮਾਂਹੀ॥੩੦॥

ਸਿਧੀਂ ਮਨੇ ਬਿਚਾਰਿਆ ਕਿਵ ਦਰਸ਼ਨ ਏਹ ਲੇਵੇ ਬਾਲਾ॥
ਐਸਾ ਜੋਗੀ ਕਲੀ ਮਾਹਿ ਹਮਰੇ ਪੰਥ ਕਰੇ ਉਜਿਆਲਾ॥
ਖੱਪਰ ਦਿੱਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ॥
ਬਾਬਾ ਆਇਆ ਪਾਣੀਐ ਡਿਠੈ ਰਤਨ ਜਵਾਹਰ ਲਾਲਾ॥
ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰ ਦੀ ਝਾਲਾ॥
ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ॥
ਸ਼ਬਦ ਜਿਤੀ ਸਿਧ ਮੰਤਲੀ ਕੀਤੋਸੁ ਆਪਨਾ ਪੰਥ ਨਿਰਾਲਾ॥
ਕਲਿਜੁਗ ਨਾਨਕ ਨਾਮ ਸੁਖਾਲਾ॥੩੧॥

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥
ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ॥
ਜਾਂ ਬਾਬਾ ਸੁੱਤਾ ਰਾਤ ਨੂੰ ਵੱਲ ਮਹਿਰਾਬੇ ਪਾਂਇ ਪਸਾਰੀ॥
ਜੀਵਨ ਮਾਰੀ ਲਤ ਦੀ ਕੇਹੜ੍ਹਾ ਸੁਤਾ ਕੁਫ਼ਰ ਕੁਫ਼ਾਰੀ॥

ਲਤਾਂ ਵਲ ਖੁਦਾਇ ਦੇ ਕਿਉਂਕਰ ਪਇਆ ਹੋਇ ਬਜਗਾਰੀ॥
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ॥
ਹੋਇ ਹੈਰਾਨ ਕਰੇਨ ਜੁਹਾਰੀ॥੩੨॥

ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤਿ ਕੋਈ॥
ਪੁਛਣ ਖੋਲ੍ਹ ਕਿਤਾਬ ਨੂੰ ਵੱਡਾ ਹਿੰਦੂ ਕੀ ਮੁਸਲਮਾਨੋਈ॥
ਬਾਬਾ ਆਖੇ ਹਾਜ਼ੀਆਂ ਸ਼ੁਭ ਅਮਲਾਂ ਬਾਝੋ ਦੋਵੇਂ ਰੋਈ॥
ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨ ਢੋਈ॥
ਕਚਾ ਰੰਗ ਕੁਸੁੰਭ ਕਾ ਪਾਣੀ ਧੋਤੇ ਥਿਰ ਨ ਰਹੋਈ॥
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕੁਥਾਇ ਖਲੋਈ॥
ਰਾਹ ਸ਼ੈਤਾਨੀ ਦੁਨੀਆ ਗੋਈ॥੩੩॥

ਧਰੀ ਨਿਸ਼ਾਨੀ ਕੌਸ ਦੀ ਮਕੇ ਅੰਦਰ ਪੂਜ ਕਰਾਈ॥
ਜਿਥੇ ਜਾਈ ਜਗਤ ਵਿੱਚ ਬਾਬੇ ਬਾਝ ਨ ਖਾਲੀ ਜਾਈ॥
ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਗੁਆਈ॥
ਛਪੇ ਨਾਂਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ॥
ਬੁਕਿਆ ਸਿੰਘ ਉਜਾੜ ਵਿੱਚ ਸਭ ਮਿਰਗਾਵਲ ਭੰਨੀ ਜਾਈ॥
ਚੜ੍ਹਿਆ ਚੰਦ ਨ ਲੁਕਈ ਕਢ ਕੁਨਾਲੀ ਜੋਤ ਛਪਾਈ॥
ਉਗਵਣਹੁ ਤੇ ਆਥਵਣਹੁ ਨਉ ਖੰਡ ਪ੍ਰਿਥਵੀ ਸਭ ਝੁਕਾਈ॥
ਜਗ ਅੰਦਰ ਕੁਦਰਤ ਵਰਤਾਈ॥੩੪॥

ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ॥
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥
ਦਿੱਤੀ ਬਾਂਗ ਨਿਮਾਜ਼ ਕਰ ਸੁੰਨ ਸਮਾਨ ਹੋਯਾ ਜਹਾਨਾ॥
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ॥
ਵੇਖੈ ਧਿਆਨ ਲਗਾਇ ਕਰ ਇਕ ਫਕੀਰ ਵਡਾ ਮਸਤਾਨਾ॥
ਪੁਛਿਆ ਫਿਰਕੇ ਦਸਤਗੀਰ ਕੌਨ ਫਕੀਰ ਕਿਸ ਕਾ ਘਰਾਨਾ॥
ਨਾਨਕ ਕਲਿ ਵਿਚ ਆਇਆ ਰਬ ਫਕੀਰ ਇਕ ਪਹਚਾਨਾ॥
ਧਰਤ ਅਕਾਸ਼ ਚਹੂੰ ਦਿਸ ਜਾਨਾ॥੩੫॥

ਪੁਛੇ ਪੀਰ ਤਕਰਾਰ ਕਰ ਇਹ ਫਕੀਰ ਵਡਾ ਆਤਾਈ॥
ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ॥
ਪਤਾਲਾਂ ਆਕਾਸ਼ ਲਖ ਓੜਕ ਭਾਲੀ ਖਬਰ ਸੁ ਸਾਈ॥
ਫੇਰ ਦੁਰਾਇਣ ਦਸਤਗੀਰ ਅਸੀਂ ਭਿ ਵੇਖਾਂ ਜੋ ਤੁਹਿ ਪਾਈ॥
ਨਾਲ ਲੀਤਾ ਬੇਟਾ ਪੀਰ ਦਾ ਅਖੀਂ ਮੀਟ ਗਿਆ ਹਵਾਈ॥
ਲਖ ਅਕਾਸ਼ ਪਤਾਲ ਲਖ ਅਖ ਫੁਰਕ ਵਿਚ ਸਭ ਦਿਖਲਾਈ॥
ਭਰ ਕਚਕੌਲ ਪ੍ਰਸ਼ਾਦ ਦਾ ਧੁਰੋਂ ਪਤਾਲੋਂ ਲਈ ਕੜਾਈ॥
ਜ਼ਾਹਰ ਕਲਾ ਨ ਛਪੈ ਛਪਾਈ॥੩੬॥

ਗੜ੍ਹ ਬਗਦਾਦ ਨਿਵਾਇਕੈ ਮਕਾ ਮਦੀਨਾ ਸਭ ਨਿਵਾਯਾ॥
ਸਿਧ ਚੌਰਾਸੀਹ ਮੰਡਲੀ ਖਟ ਦਰਸ਼ਨ ਪਾਖੰਡ ਜਣਾਯਾ॥
ਪਤਾਲਾਂ ਆਕਾਸ਼ ਲਖ ਜਿੱਤੀ ਧਰਤੀ ਜਗਤ ਸਬਾਯਾ॥
ਜਿੱਤੀ ਨਵਖੰਡ ਮੇਦਨੀ ਸਤਨਾਮ ਕਾ ਚਕ੍ਰ ਫਿਰਾਯਾ॥
ਦੇਵਦਾਨੋ ਰਾਕਸ ਦੈਂਤ ਸਭ ਚਿਤ੍ਰ ਗੁਪਤ ਸਭ ਚਰਨੀ ਲਾਯਾ॥
ਇੰਦ੍ਰਾਸਣ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ॥
ਹਿੰਦੂ ਮੁਸਲਮਾਨ ਨਿਵਾਇਆ॥੩੭॥

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥
ਪਹਿਰ ਸੰਸਾਰੀ ਕੱਪੜੇ ਮੰਜੀ ਬੈਠ ਕੀਆ ਅਵਤਾਰਾ॥
ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ॥
ਪੁੱਤੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ॥
ਬਾਣੀ ਮੁਖਹੁ ਉਚਾਰਿਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥
ਗਿਆਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ॥
ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ॥
ਗੁਰਮੁਖ ਭਾਰ ਅਥਰਬਣ ਧਾਰਾ॥੩੮॥

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ॥
ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ॥
ਲਗੀ ਬਰਸਨ ਲਛਮੀ ਰਿਧ ਸਿਧ ਨਉ ਨਿਧਿ ਸਵਾਈ॥
ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸ਼ਕ ਘਨੇਰੀ ਖਾਈ॥
ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਾਇਆ ਛਪਾਈ॥
ਭਗਤੀਆਂ ਗਈ ਭਗਤ ਭੂਲ ਲੋਟੇ ਅੰਦਰ ਸੁਰਤ ਭਲਾਈ॥

ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ।
ਵੇਖ ਚਲਿਤ੍ਰ ਜੋਗੀ ਖੁਣਸਾਈ॥੩੯॥

ਖਾਧੀ ਖੁਣਸ ਜੋਗੀਸ਼ਰਾਂ ਗੋਸ਼ਟ ਕਰਨ ਸਭ ਉਠ ਆਈ॥
ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥
ਫਿਟਿ ਆ ਚਾਟਾ ਦੁਧ ਦਾ ਰਿੜਕਿਆ ਮੱਖਣ ਹਥ ਨ ਆਈ॥
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁਲ ਸੜਾਈ॥
ਹੋਇ ਅਤਤਿ ਗ੍ਰਿਹਸਤ ਤਜ ਫਿਰ ਉਨਹੂੰਕੇ ਘਰ ਮੰਗਨ ਜਾਈ॥
ਬਿਨ ਦਾਤੇ ਕਿਛ ਹਥ ਨ ਆਈ॥੪੦॥

ਏਹ ਸੁਣ ਬਚਨ ਜੁਗੀਸਰਾਂ ਮਾਰ ਕਿਲਕ ਬਹੁ ਰੂਪ ਉਠਾਈ॥
ਖਟ ਦਰਸ਼ਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ॥
ਸਿਧ ਬੋਲਨ ਸਭ ਅਉਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ॥
ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ॥
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ॥
ਇਕ ਨਾਗ ਹੋਇਆ ਪਵਨ ਛੋਡ ਇਕਨਾ ਵਰਖਾ ਅਗਨ ਵਸਾਈ॥
ਤਾਰੇ ਤੋੜੇ ਭੰਗ੍ਰਨਾਥ ਇਕ ਚੜ ਮਿਰਗਾਨੀ ਜਲ ਤਰ ਜਾਈ॥
ਸਿਧਾਂ ਅਗਨ ਨ ਬੁਝੇ ਬੁਝਾਈ॥੪੧॥

ਸਿਧ ਬੋਲੇ ਸੁਨ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥
ਕੁਝ ਦਿਖਾਈਂ ਅਸਾਨੂੰ ਭੀ ਤੂੰ ਕਿਉਂ ਢਿਲ ਅਜੇਹੀ ਲਾਈ॥
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ॥
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ॥
ਸਿਵ ਰੂਪੀ ਕਰਤਾ ਪੁਰਖ ਚਲੇ ਨਾਹੀਂ ਧਰਤ ਚਲਾਈ॥
ਸਿਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੈ ਕਲਾ ਛਪਾਈ॥
ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ॥
ਸੋ ਦੀਨ ਨਾਨਕ ਸਤਿਗੁਰ ਸਰਣਾਈ॥੪੨॥

ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸਚ ਮੁਖਹੁ ਅਲਾਈ॥
ਬਾਜਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ॥
ਬਸਤਰ ਪਹਿਰੋਂ ਅਗਨਿ ਕੇ ਬਰਫ ਹਿਮਾਲੇ ਮੰਦਰ ਛਾਈ॥
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ॥
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ॥
ਤੋਲੀਂ ਧਰਤਿ ਅਕਾਸ਼ ਦੁਇ ਪਿਛੇ ਛਾਂਬੇ ਟੰਕ ਚੜ੍ਹਾਈ॥
ਏਹ ਬਲ ਰਖਾਂ ਆਪ ਵਿੱਚ ਜਿਸ ਆਖਾਂ ਤਿਸ ਪਾਰ ਕਰਾਈ॥
ਸਤਿਨਾਮ ਬਿਨ ਬਾਦਰ ਛਾਈ॥੪੩॥

ਬਾਬੇ ਕੀਤੀ ਸਿਧ ਗੋਸ਼ਟ ਸ਼ਬਦ ਸ਼ਾਂਤਿ ਸਿਧਾਂ ਵਿਚ ਆਈ॥
ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ਼ ਕਰਾਈ॥
ਸਿਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ॥
ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰ ਜੋਤ ਜਗਾਈ॥
ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ॥
ਅੱਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ॥
ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁੱਧ ਵਿਚ ਮਿਲਾਈ॥
ਜਿਉਂ ਸਾਗਰ ਵਿਚ ਗੰਗ ਸਮਾਈ॥੪੪॥

ਜ਼ਿਆਰਤ ਕਰ ਮੁਲਤਾਨ ਦੀ ਫਿਰ ਕਰਤਾਰਪੁਰੇ ਨੂੰ ਆਯਾ॥
ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ॥
ਵਿਣ ਨਾਵੈ ਹੋਰ ਮੰਗਣਾ ਸਿਰ ਦੁੱਖਾਂ ਦੇ ਦੁਖ ਸਬਾਯਾ॥
ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਯਾ॥
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ॥
ਜੋਤੀ ਜੋਤ ਮਿਲਾਇਕੈ ਸਤਿਗੁਰੂ ਨਾਨਕ ਰੂਪ ਵਧਾਯਾ॥
ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਯਾ॥
ਕਾਯਾਂ ਪਲਟ ਸਰੂਪ ਬਣਾਯਾ॥੪੫॥

ਸੋ ਟਿਕਾ ਸੋ ਛਤ੍ਰ ਸਿਰ ਸੋਈ ਤਖਤ ਟਿਕਾਈ॥
ਗੁਰੂ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੇ ਦੋਹੀ ਫਿਰਾਈ॥
ਦਿੱਤਾ ਛੱਡ ਕਰਤਾਰਪੁਰ ਬੈਠ ਖਡੂਰੇ ਜੋਤਿ ਜਗਾਈ॥
ਜੰਮੇ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀ ਚਤਰਾਈ॥
ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ॥
ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ॥
ਫੇਰ ਵਸਾਯਾ ਗੋਂਦਵਾਲ ਅਚਰਜ ਖੇਲ ਨ ਲਖਿਆ ਜਾਈ॥

ਦਾਤਿ ਜੋਤ ਖਸਮੈ ਵਡਿਆਈ॥੪੬॥

ਦਿੱਚੇ ਪੂਰਬ ਦੇਵਣਾ ਜਿਸ ਦੀ ਵਸਤ ਤਿਸੈ ਘਰ ਆਵੈ॥
ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥
ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ॥
ਦਿੱਤਾ ਲਈਏ ਆਪਣਾ ਅਣ ਦਿਤਾ ਹਥ ਨ ਆਵੈ॥
ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ॥
ਜਾਨ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ॥
ਘਰ ਹੀ ਕੀ ਵੱਥ ਘਰੇ ਰਹਾਵੈ॥੪੭॥

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥
ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥
ਪੁੱਛਨ ਸਿੱਖ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਹਾਰੀ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ॥
ਕਲਿਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਨ ਉਸਾਰ ਖਲ੍ਹਾਰੀ॥
ਜੁਗ ਜੁਗ ਸਤਿਗੁਰ ਧਰੇ ਅਵਤਾਰੀ॥੪੮॥

ਸਤਿਜੁਗ ਸਤਿਗੁਰ ਵਾਸਦੇਵ ਵਾਵਾ ਵਿਸ਼ਨਾ ਨਾਮ ਜਪਾਵੈ॥
ਦੁਆਪਰ ਸਤਿਗੁਰ ਹਰੀਕ੍ਰਿਸ਼ਨ ਹਾਹਾ ਹਰਿ ਹਰਿ ਨਾਮ ਧਿਆਵੈ॥
ਤ੍ਰੇਤੇ ਸਤਿਗੁਰੂ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ॥
ਕਲਜੁਗ ਨਾਨਕ ਗੁਰੂ ਗੋਬਿੰਦ ਗਗਾ ਗੋਬਿੰਦ ਨਾਮ ਜਪਾਵੈ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ॥
ਚਾਰੋਂ ਅਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ॥
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ॥੪੯॥੧॥

****

ਦੂਜਾ ਸਰਗ
ਗੁਰੂ ਨਾਨਕ ਦੀ ਉਸਤਤ ਗਾਉਂਦੀ ਕਵਿਤਾ

ਗੁਰੂ ਨਾਨਕ ਮੀਤ ਪਛਾਣਾ ਮੈਂ,
ਹਿਤ ਚਿਤ ਕਰ ਉਸਤਤਿ ਗਾਵਾਂ ਮੈਂ।

-ਭਾਈ ਵੀਰ ਸਿੰਘ

ਗੁਰੂ ਨਾਨਕ ਆਇਆ

-ਭਾਈ ਵੀਰ ਸਿੰਘ

ਟੇਕ–
ਸਹੀਓ ਨੀਂ! ਗੁਰੂ ਨਾਨਕ ਆਇਆ।
ਗੁਰੂ ਨਾਨਕ ਗੁਰੂ ਨਾਨਕ ਆਇਆ।
ਨਾਦ ਉਠਯੋ: 'ਗੁਰੂ ਨਾਨਕ ਆਯਾ'।
ਸ਼ਬਦ ਹੁਯੋ: 'ਗੁਰੂ ਨਾਨਕ ਆਯਾ'।੧.

ਮੁਸ਼ਕ ਉਠੇ ਮੇਰੇ ਬਨ ਤੇ ਬੇਲੇ,
ਖਿੜ ਪਏ ਬਾਗੀਂ ਫੁੱਲ ਰੰਗੀਲੇ।
ਸਭ ਨੇ ਅਨਹਤ ਰਾਗ ਅਲਾਯਾ:
'ਗੁਰ ਨਾਨਕ ਗੁਰੁ ਨਾਨਕ ਆਯਾ'।੨.

ਜਾਗ ਪਏ ਪੰਛੀ ਅੱਖ ਖੋਲ੍ਹਣ
ਗਾਵਣ ਗੀਤ ਰੰਗੀਲੇ ਬੋਲਣ:-
'ਦੇਖੁ ਅਹੁ ਗੁਰੂ ਨਾਨਕ ਆਯਾ'।
'ਗੁਰੁ ਨਾਨਕ ਗੁਰ ਨਾਨਕ ਆਯਾ'।੩.

ਤਪੀਆਂ ਜੁੱਗਾਂ ਦਿਆਂ ਅੱਖ ਖੋਲ੍ਹੀ
ਤਯਾਗੀ ਮੌਨ, ਬੋਲ ਪਏ ਬੋਲੀ:-
'ਅਹੁ ਤੱਕੋ ਗੁਰੁ ਨਾਨਕ ਆਯਾ,
'ਗੁਰੁ ਨਾਨਕ ਗੁਰ ਨਾਨਕ ਆਯਾ'।੪.

ਦੁਖੀਆਂ ਕੰਨੀਂ ਪਈ ਬਲੇਲ:-
ਦੁਖਾਂ ਨੂੰ ਜੋ ਕਰੇ ਦਬੇਲ
'ਅਹ ਗੁਰੂ ਨਾਨਕ ਨਾਨਕ ਆਯਾ,
'ਸੁੱਖ ਸਬੀਲੀ ਨਾਲ ਲਿਆਯਾ'।੫.

ਕੂਕ ਉਠੀ ਦੁਨੀਆਂ ਪਈ ਗਾਵੇ,
ਮਸਤ ਅਲਸਤੀ ਤਾਨਾਂ ਲਾਵੇ:-

'ਧੁੰਦ ਹਨੇਰੇ ਹੋਏ ਦੂਰ
'ਫੈਲ ਗਿਆ ਹੈ ਨੂਰੋ ਨੂਰ
'ਸਹੀਓ ਨੀ ਗੁਰੂ ਨਾਨਕ ਆਯਾਯ।੬.

ਮੇਰਾ ਮੇਰਾ ਮੇਰਾ ਆਪਨਾ,
ਕਿਸੇ ਨ ਓਪ੍ਰਾ ਸਭ ਦਾ ਅਪਨਾ,
ਉਹ ਗੁਰੂ ਨਾਨਕ ਨਾਨਕ ਆਯਾ
'ਸਹੀਓ ਨੀ ਗੁਰੂ ਨਾਨਕ ਆਯਾ'।੭.

ਰਾਤ, ਮੈਂ ਤੇ ਗੁਰੂ ਨਾਨਕ

-'ਕੰਬਦੀ ਕਲਾਈ' 'ਚੋਂ

ਛਡ ਨੀਂਦ ਗਈ ਖੁੱਲ੍ਹੀਆਂ ਅੱਖੀਆਂ,
ਮੰਦ ਪੌਣ ਝੁਲਾਵੇ ਹੈ ਪਖੀਆਂ!
ਕਿਹੀ ਨਿਰਮਲ ਰਾਤ ਅਹੈ ਛਟਕੀ,
ਮਨ ਠੰਢ ਪਈ, ਨ ਰਹੀ ਭਟਕੀ।
ਕਿਹਾ ਹੌਲਾ ਫੁਲ ਸਰੀਰ ਹੁਯਾ,
ਛੁਟ ਆਸਾ ਤੋਂ ਮਨ ਤੀਰ ਭਿਆ।
ਚੁਪ ਕੁਦਰਤ ਚਾਰ ਚੁਫੇਰੇ ਹੈ,
ਕੁਈ ਹੋਰ ਨ ਨੇੜੇ ਮੇਰੇ ਹੈ।
ਇਹ ਵੇਲਾ ਅਚਰਜ ਸੁਹਣਾ ਹੈ,
ਜੋ ਮਨ ਨੂੰ ਆਪੇ ਮੁਹਣਾ ਹੈ।
ਇਹ ਵੇਲਾ ਮਿਲਨ ਪਿਆਰੇ ਦਾ,
ਇਹ ਵੇਲਾ ਦਰਸ ਦਿਦਾਰੇ ਦਾ।
ਕੂਈ ਰੋਕ ਨ ਕੋਈ ਟੋਕ ਰਹੀ,
ਕੋਈ ਨੀਂਦਰ ਦੀ ਨਾ ਝੋਕ ਰਹੀ,
ਨਾ ਸੂਰਜ ਰਿਹਾ ਨਾ ਧੁੱਪ ਰਹੀ,
ਇਕ ਰਾਤ ਰਹੀ, ਇਕ ਚੁੱਪ ਰਹੀ।
ਇਕ ਕੁਸ਼ਲ ਰਹੀ ਇਕ ਖੇਮ ਰਿਹਾ,
ਇਕ ਅਸੀਂ ਰਹੇ ਇਕ ਪ੍ਰੇਮ ਰਿਹਾ,
ਤੈਂ ਬਾਝ ਨ ਕੁਝ ਵਿਚ ਰਿਦੇ ਰਹੀ
ਹੁਣ ਦੱਸ ਸਜਨ ਹੈ ਢਿੱਲ ਕਿਹੀ?
ਹਾਂ, ਠੀਕ ਪਿਆਰੇ ਠੀਕ ਅਹੇਂ।
ਤੂੰ ਸੱਜਣ ਸਦਾ ਨਜੀਕ ਅਹੇਂ।
ਗੁਰ ਨਾਨਕ ਕਦੀ ਨਾ ਦੂਰ ਰਹੇ,
ਤੇ ਪ੍ਰੇਮ ਸਦਾ ਭਰਪੂਰ ਰਹੇ।
ਪਰ ਸੂਰਜ ਡਾਢਾ ਵੈਰੀ ਹੈ,
ਵਲ ਪ੍ਰੇਮ ਇਦ੍ਹੀ ਅੱਖ ਕੈਰੀ ਹੈ।
ਦਿਨ ਵੇਲੇ ਝੁਰਮਟ ਪੈਂਦਾ ਏ
ਕੁਈ ਪੁਛਦਾ ਏ ਕੁਈ ਕਹਿੰਦਾ ਏ:-
ਕੁਈ ਝਗੜਾ ਝਾਂਜਾ ਛੇੜੇ ਹੈ,
ਕੁਈ ਕਰਦਾ ਆਨ ਬਖੇੜੇ ਹੈ,
ਸੁਖ ਸੁਖਦਿਆਂ ਆਵੇ ਰਾਤ ਮਸਾਂ,
ਚੰਦ ਤਾਰੇ ਭਿੰਨੀ ਰੈਣ ਰਸਾਂ।
ਤਦ ਆ ਏਕਾਂਤ ਸੁਹਾਂਦੀ ਹੈ।
ਸਭ ਧੂੜੀ ਦੂਰ ਕਰਾਂਦੀ ਹੈ।
ਤਦ ਪਯਾਰ ਉਠੇ ਲਏ ਲਹਿਰਾਂ ਹੈ,
ਹੁਣ ਪਯਾਰ ਦਾ ਹੀ ਇਕ ਪਹਿਰਾ ਹੈ।
ਇਕ ਉਹ ਤੇ ਮੈਂ ਹੀ ਹੁੰਦੇ ਹਾਂ,
ਗੁਲਦਸਤੇ ਵਾਂਙੂ ਗੁੰਦੇ ਹਾਂ।
ਸੌਂ ਦੁਨੀਆਂ ਜਾਂਦੀ ਜਾਗਾਂ ਮੈਂ
ਪਿਯ ਅਪਣੇ ਚਰਨੀ ਲਾਗਾਂ ਮੈਂ॥
ਤਦ ਖੁਸ਼ੀਆਂ ਦਿਲ ਦੀਆਂ ਮਾਣਾ ਮੈਂ।
ਗੁਰ ਨਾਨਕ ਮੀਤ ਪਛਾਣਾ ਮੈਂ।
ਹਿਤ ਚਿਤ ਕਰ ਉਸਤਤਿ ਗਾਵਾਂ ਮੈਂ
ਜੋ ਇਸ ਰਸ ਦੇ ਵਿੱਚ ਰਸਦੇ ਨੇ
ਕਦ ਦੁਨੀਆਂ ਦੇ ਵਿੱਚ ਫਸਦੇ ਨੇ।
ਇਸ ਸੁਖ ਤੋਂ ਅੱਖ ਜੁ ਵਾਂਜੀ ਹੈ,
ਵਿਚ ਦੁਨੀਆਂ ਰਹਿੰਦੀ ਸਾਂਝੀ ਹੈ।
ਜੋ ਆਲਸ ਹੱਥ ਵਿਕੇਂਦੇ ਨੇ,
ਓ ਨੀਂਦ ਵਿਖੇ ਗੁਟ ਰਹਿੰਦੇ ਨੇ।
ਜਿਨ ਪ੍ਰੇਮ ਪਿਆਲੇ ਪੀਤੇ ਨੀ,
ਚਖ ਪਿਰਮ ਰਸਾਂ ਰਸ ਲੀਤੇ ਨੀ,
ਤਿਨ ਸੁਹਣੀ ਰਾਤ ਜਗਾਈ ਹੈ,
ਜਦ ਸੁੱਤੀ ਹੋਰ ਲੁਕਾਈ ਹੈ।
ਤਿਨ ਉਹ ਕੁਝ ਰਾਤੀਂ ਦੇਖਾ ਹੈ,
ਜਿਦ੍ਹਾ ਡਾਢਾ ਡੂੰਘਾ ਲੇਖਾ ਹੈ,
ਤਿਨ ਸਤਿਗੁਰੂ ਨਾਨਕ ਪਾਯਾ ਹੈ,
ਚਿਤ ਚਰਨਾਂ ਵਿਚ ਸਮਾਯਾ ਹੈ।
ਹੇ ਮੁਕਤੀ ਦਾਤੇ ! ਰੱਖ ਸਦਾ
ਵਿਚ ਅਪਨੀ ਗੋਦੀ ਚੱਦ ਸਦਾ।
ਦੇਹ ਸੁੱਤੀ ਸੁੱਤਾ ਜੱਗ ਰਹੇ,
ਪਰ ਮਨ ਜਾਗੇ ਚਿਤ ਲੱਗ ਰਹੇ।
ਹਰਿਮੰਦਰ ਮੇਰੀ ਦੇਹ ਬਣੇ,
ਮਨ ਤਖਤ ਬਨੇ, ਮੈਂ ਬੁਧਿ ਸਣੇ।
ਤੂੰ ਉੱਤੇ ਬੈਠਾ ਸਦਾ ਰਹੇਂ,
ਮੈਂ ਖਿੜਾ ਤੇ ਜਪਦਯਾਂ ਸ੍ਵਾਸ ਵਹੇ।

9815123900

****

ਸ੍ਰੀ ਗੁਰੂ ਨਾਨਕ ਦੇਵ ਜੀ



-ਸਰਦਾਰ ਪੰਛੀ

ਨਾਨਕ ਨਾਮ ਹੈ ਸ਼ਬਨਮ ਜੈਸਾ
ਖ਼ੁਸ਼ਬੂਦਾਰ ਹਵਾ ਕਾ ਨਾਮ।
ਸਾਂਸ ਕੇ ਸਾਥ ਜੋ ਦਿਲ ਮੇਂ
ਉਤਰੇ ਉਸ ਰੰਗੀਨ ਸਬਾ ਕਾ ਨਾਮ।
ਉਸ ਕੀ ਆਂਖੇਂ ਚਾਂਦ ਸਿਤਾਰੋਂ ਕੋ
ਰੌਸ਼ਨ ਕਰ ਦੇਤੀ ਥੀਂ,
ਯਿਹ ਰੌਸ਼ਨ ਸੂਰਜ ਭੀ ਤੋਂ ਹੈ
ਉਸ ਕੇ ਨਕਸ਼-ਇ-ਪਾ ਕ ਨਾਮ।
ਸਾਤ ਸੁਰੋਂ ਕੇ ਜਾਦੂਗਰ ਕਾ
ਜਾਦੂਅਬ ਭੀ ਚਲਤਾ ਹੈਂ,
ਜਬ ਤਕ ਮੌਸੀਕ਼ੀ ਹੈ ਜ਼ਿੰਦਾ,
ਜ਼ਿੰਦਾ 'ਮਰਦਾਨਾ' ਕਾ ਨਾਮ।
ਨਾਮ 'ਤ੍ਰਿਪਤਾ ਰਖ ਲੋ
ਭਾਈ ਅਪਨੀ ਅਪਨੀ ਬੇਟੀ ਕਾ,
ਉਸੇ ਬੁਲਾਓ ਗੇ ਤੋ ਲੋਗੇ
ਤੁਮ 'ਮਾਤਾ ਤ੍ਰਿਪਤਾ ਕਾ ਨਾਮ।
ਹਿੰਦੂ ਮੁਸਲਿਮ ਦੋ ਪਹਿਲੂ ਹੈਂ
ਨਾਨਕ ਸ਼ਾਹੀ ਸਿੱਕੇ ਕੇ,
ਏਕ ਤਰਫ਼ 'ਮਰਦਾਨਾ' ਕਾ ਹੈ
ਏਕ ਤਟਫ਼ 'ਬਾਲਾ' ਕਾ ਨਾਮ।
'ਵਲੀ ਕੰਧਾਰੀ' ਛੋੜ ਤਕੱਬੁਰ
ਨੀਚੇ ਉਤਰਾ ਪਰਬਤ ਸੇ,
ਦੋਨੋਂ ਹਾਥ ਉਠਾ ਕਰ ਬੋਲਾ
ਨਾਨਕ ਨਾਮ ਖ਼ੁਦਾ ਕਾ ਨਾਮ।
ਇਸ ਦਰ ਪਰ ਸਜਦਾ ਕਰਕੇ
ਮੈਂ ਖ਼ੁਸ਼ ਕਿਸਮਤ ਹੋ ਜਾਤਾ ਹੂੰ,
ਇਸ ਦਰ ਸੇ ਮਹਿਰੂਮੀ ਤੋਂ ਹੈ
'ਪੰਛੀ' ਏਕ ਸਜ਼ਾ ਕਾ ਨਾਮ।

1-ਸ਼ਬਨਮ=ਤ੍ਰੇਲ, 2-ਰੰਗੀਨ ਸਬਾ=ਰੰਗੀਲੀ ਸਵੇਰ, 3-ਨਕਸ਼-ਇ-ਪਾ=ਪੈੜ, 4-ਮੌਸੀਕੀ=ਸੰਗੀਤ, 5-ਤਕੱਬੁਰ=ਹੰਕਾਰ, 6-ਸਜਦਾ=ਮੱਥਾ ਟੇਕਣਾ, 7-ਮਹਿਰੂਮੀ=ਵੰਚਿਤ ਹੋਣਾ

****** *9417091668*

ਨਵਿਆਂ ਸੂਰਜਾ!



-ਅੰਮ੍ਰਿਤ ਕੌਰ ਕੰਬੋਜ

ਨਵਿਆਂ ਸੂਰਜਾ ਜਮ ਜਮ ਆ
ਨਵਾਂ ਸੁਨੇਹਾ ਲੈ ਕੇ ਆ।
ਨਵੀਆਂ ਰਿਸ਼ਮਾਂ ਜੱਗ ਰੁਸ਼ਨਾ
ਸੱਚ ਦੇ ਦੀਪਕ ਦੇਈ ਜਲਾ।
ਗਰੀਬਾਂ ਦੇ ਦਰ ਖੁਲ੍ਹੇ ਰਹਿੰਦੇ
ਸਿਰ ਉਨ੍ਹਾਂ ਦੇ ਛੱਤਾਂ ਪਾ।
ਨਵੇਂ ਸਵੇਰੇ ਪਿਆਰ ਲਿਆਵੀਂ
ਸਾਂਝ ਤੇ ਮਾਨ, ਸਨਮਾਨ ਵਧਾ
ਮਿਹਨਤ, ਹਿੰਮਤ ਦੇ ਫੁੱਲ ਖਿਲਾਕੇ
ਮਨਾਂ 'ਚ ਆਸ ਦਾ ਬੂਟਾ ਲਾ।
ਫਰਜ਼ ਤੇ ਹੱਕ ਸਭ ਨੂੰ ਸਮਝਾਵੀਂ
ਜਾਤਾਂ ਦੇ ਝਗੜੇ ਨਿਪਟਾ।
ਨਸ਼ਿਆਂ ਦੇ ਵਿੱਚ ਚੂਰ ਜੋ ਹੋਏ
ਅੰਮ੍ਰਿਤ ਦੀ ਵਰਖਾ ਵਰਸਾ।
ਨਵਿਆਂ ਸੂਰਜਾ ਆ ਤੂੰ ਆ
ਸਭ ਦੇ ਦੁੱਖਾਂ ਤੇ ਮਲ੍ਹਮਾਂ ਲਾ।
ਜਿਹੜੀ ਜਵਾਨੀ ਰਾਹ ਤੋਂ ਭਟਕੀ
ਸੋਨ ਸਵੇਰੇ ਰਾਹ ਤੇ ਪਾ।
ਦੇਸ਼ ਇਹ ਮੇਰਾ, ਦੇਸ਼ ਦੇ ਵਾਸੀ
ਸਭ ਰੂਹਾਂ ਵਿੱਚ ਪਿਆਰ ਵਧਾ।
ਤੇਰੇ ਲਈ ਸਵਾਗਤ ਵਾਲੇ
ਖੁਲ੍ਹੇ ਬੂਹੇ, ਫੇਰਾ ਪਾ।
ਬੁਝੇ ਦਿਲਾਂ ਨੂੰ ਰੋਸ਼ਨ ਕਰਦੇ
ਸਭ ਨੂੰ ਦਿੱਸੇ ਰੋਸ਼ਨ ਰਾਹ।
ਸਭ ਦੀਆਂ ਇੱਛਾਂ ਪੂਰੀਆਂ ਹੋਵਣ
ਰੱਬ ਦੇ ਅੱਗੇ ਇਹੀ ਦੁਆ।

****

ਮੁਲਾਕਾਤ



-ਹਰਬੰਸ ਸਿੰਘ ਸ਼ਾਨ

ਅੱਜ ਸਹਿਜੇ ਹੀ ਅਕਸਮਾਤ ਹੋਈ।
ਮੇਰੀ ਉਹਦੇ ਨਾਲ ਮੁਲਾਕਾਤ ਹੋਈ।
ਚੜ੍ਹ ਗਿਆ ਗਿਆਨ ਦਾ ਅਜਬ ਸੂਰਜ
ਕਿੰਨੀ ਅਲੌਕਿਕ ਰੌਸ਼ਨ ਪ੍ਰਭਾਤ ਹੋਈ।
ਪਿਆਸੇ ਨੈਣ ਅਜਲਾਂ ਤੋਂ ਤਰਸਦੇ ਸੀ
ਦੀਦ ਸਾਖ਼ਸਾਤ ਆਬੇ-ਹਯਾਤ ਹੋਈ।
ਸ਼ਰਸ਼ਾਰ ਹੋਇਆ, ਬੇਸ਼ੁਮਾਰ ਹੋਇਆ
ਜਦੋਂ ਰਹਿਮਤਾਂ ਦੀ ਬਰਸਾਤ ਹੋਈ।
ਮੇਰੇ ਦਿਲ ਦੇ ਵਿਹੜੇ ਅੱਜ ਆਈ
ਖ਼ੁਸ਼ੀਆਂ ਖੇੜਿਆਂ ਦੀ ਬਰਸਾਤ ਹੋਈ।
ਦ੍ਰਿਸ਼ ਬੜੇ ਮਨਮੋਹਣੇ ਆਉਣ ਨਜ਼ਰੀਂ
ਸੁੰਦਰ ਪਹਿਲਾਂ ਨਾਲੋਂ ਕਾਇਨਾਤ ਹੋਈ।
ਲਿਖ ਰਿਹਾਂ ਮੈਂ ਗੀਤ ਮੁਹੱਬਤਾਂ ਦੇ
ਕਾਇਲ ਉਹਦੀ, ਮੇਰੀ ਕਲਮ ਦਵਾਤ ਹੋਈ।
ਜਿਹੜਾ ਬਿਖੜਾ, ਡਰਾਵਣਾ ਸੀ ਬੜਾ ਪੈਂਡਾ
ਸਰ ਮੰਜਿਲ-ਏ ਉਹ ਪੁਰਸਲਾਤ ਹੋਈ।
ਉਹ ਮੈਂ ਹੋਇਆ, ਮੈਂ ਉਹ ਹੋਇਆ
ਇਹ ਕਹਿਣ ਦੀ ਮੇਰੀ ਔਕਾਤ ਹੋਈ।
ਬਗਲੀ ਵਾਲਿਆ ਕੁਦਰਤ ਦਾ ਜੋ ਕਰਤਾ
ਹਕੀਕਤ ਕਾਦਰ ਦੀ "ਸ਼ਾਨ" ਨੂੰ ਗਿਆਤ ਹੋਈ।

9878573068

****

ਸ਼ਹੀਦੀ ਪੁਰਬ 'ਤੇ ਵਿਸ਼ੇਸ਼-

ਅਰਸ਼ੀਨੂਰ



-ਗੁਰਦੀਸ਼ ਕੌਰ ਗਰੇਵਾਲ

ਤੱਤੀ ਤਵੀ ਉੱਤੇ ਬੈਠਾ, ਅਰਸ਼ਾਂ ਦਾ ਨੂਰ ਏ।
ਹੱਥ ਵਿੱਚ ਮਾਲਾ ਚਿਹਰੇ, ਵੱਖਰਾ ਸਰੂਰ ਏ।

ਸ਼ਾਂਤੀ ਦਾ ਪੁੰਜ ਇਹ, ਫਕੀਰ ਕੋਈ ਜਾਪਦਾ।
ਸੁਖਮਨੀ ਪਾਠ ਏਹਦੇ, ਹੋਠਾਂ ਤੇ ਅਲਾਪਦਾ।
ਏਹ ਦੇ ਕੋਲੋਂ ਹੋਇਆ ਦੱਸੋ, ਕਿਹੜਾ ਜੁਕ ਸੂਰਏ?
ਤੱਤੀ ......
"ਦਿੱਲੀ ਤੇ ਲਹੌਰ ਦੀ ਮੈਂ, ਇੱਟ ਖੜਕਾਦਿਆਂ"
"ਕਹੋਤਾਂ, ਮੈਂ ਜ਼ਾਲਿਮ ਨੂੰ, ਸਬਕ ਸਿਖਾਦਿਆਂ"
ਮੀਆਂ ਮੀਰ ਗੁੱਸੇ ਵਿੱਚ, ਹੋਇਆ ਮਜਬੂਰਏ।
ਤੱਤੀ........
ਸਬਰ ਨੇ ਜਬਰ ਤੋਂ, ਮੰਨਣੀ ਨਾਹਾਰ ਏ।
ਦੇਗ ਵੀ ਉਬਾਲਣੇ ਲਈ, ਹੋ ਰਹੀ ਤਿਆਰ ਏ।
ਰਜ਼ਾ ਵਿੱਚ ਰਹਿਣਾ, ਇਹ ਦਾ ਇਹੋ ਦਸਤੂਰ ਹੈ।
ਤੱਤੀ.....
ਨਾਮ ਦਾ ਜਹਾਜ਼ ਇਸ, ਰਚਿਆ ਕਮਾਲ ਏ।
ਦੁਨੀਆਂ ਦੇ ਵਿੱਚ ਐਸੀ, ਕੋਈ ਨਾ ਮਿਸਾਲ ਏ।
ਚੰਦੂ ਕਿਹੜੇ ਨਸ਼ੇ ਵਿੱਚ, ਹੋਇਆ ਫਿਰੇ ਚੂਰ ਏ?
ਤੱਤੀ ......
ਛਾਲੇ ਛਾਲੇ ਹੋਇਆ ਭਾਵੇਂ, ਸਾਰਾਈ ਸਰੀਰ ਏ।
ਚਿਹਰੇ ਉੱਤੇ ਰੰਜਦੀਨਾ, ਰਤਾਵੀ ਲਕੀਰ ਏ।
ਨਾਮਦੀਖੁਮਾਰੀਨਾਲ, ਮਨਭਰਪੂਰ ਏ।
ਤੱਤੀ.......
ਜ਼ੁਲਮ ਮਿਟਾਉਣ ਵਾਲਾ, ਰਾਜ ਹੁਣ ਆਏ ਗਾ।
ਧਰਮ ਦੇ ਨਾਲ, ਰਾਜਨੀਤੀ ਵੀ ਚਲਾਏਗਾ।
ਜ਼ਾਲਿਮ ਨੂੰ 'ਦੀਸ਼' ਸਜ਼ਾ, ਮਿਲਣੀ ਜਰੂਰ ਏ।
ਤੱਤੀ.......

4064041450

****

550 ਵਾਂ ਪ੍ਰਕਾਸ਼ ਪੁਰਬ ਰਹੇ ਮਨਾ



ਪ੍ਰਿੰ: ਨਸੀਬ ਸਿੰਘ 'ਸੇਵਕ'

550ਵਾਂ ਪ੍ਰਕਾਸ਼ ਪੁਰਬ ਬਾਬਾ ਨਾਨਕ ਜੀ ਤੇਰਾ ਰਹੇ ਹਾਂ ਅਸੀਂ ਮਨਾ।
ਸ਼੍ਰੋਮਣੀ ਕਮੇਟੀ, ਸਰਕਾਰਾਂ ਤੇ ਜਥੇਬੰਦੀਆਂ ਲਾ ਰਹੀਆਂ ਨੇ ਪੂਰੀ ਵਾਹ।
ਸਮਾਗਮ ਸਾਲ ਭਰ ਚਲਦੇ ਰਹਿਣਗੇ ਕੀਤੇ ਹੋਏ ਨੇ ਕਈ ਬੜੇ ਐਲਾਨ।
ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਨੇ ਕਰਨਾ ਤੇਰਾ ਸਤਿਕਾਰ ਤੇ ਮਾਣ।
ਕੀ ਅਖਬਾਰਾਂ, ਰਸਾਲੇ ਅਤੇ ਮੀਡੀਆ ਵਿੱਚ ਲੱਗ ਪਈ ਏ ਹੋਣ।
ਲਗਦੈ ਸਭ ਹੀ ਜ਼ੋਰ-ਸ਼ੋਰ ਨਾਲ ਲੱਗੇ ਹੋਏ ਨੇ ਪਾਪ ਆਪਣੇ-ਆਪਣੇ ਧੋਣ।
ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਕਰ ਲਿਆ ਹੈ ਪੱਧਰਾ ਰਾਹ।
ਪਾਕਿਸਤਾਨ ਦੀ ਸਰਕਾਰ ਨਾਲ ਤਾਰਾਂ ਜੋੜ ਕੇ ਲਈ ਏ ਦੋਸਤੀ ਪਾ।
ਕਰਤਾਰਪੁਰ ਦਾ ਲਾਘਾਂ ਹੁਣ ਖੁਲ੍ਹ ਜਾਣਾ ਸਮਝੋਤਾ ਗਿਆ ਏ ਹੋ।
ਪਾਕਿ ਭਾਰਤ ਸਰਕਾਰਾਂ ਨੇ ਉਪਰਾ ਜਿਹਾ ਇਕ ਦੂਜੇ ਦਾ ਮਨ ਲਿਆ ਏ ਮੋਹ।
ਕਿਤੇ ਕੀਰਤਨ, ਅਖੰਡਪਾਠ, ਕਵੀ, ਰਾਗੀ, ਢਾਡੀ ਹੋਣਗੇ ਕਵੀ ਦਰਬਾਰ।
ਆਪਣੇ-ਆਪਣੇ ਢੰਗ ਨਾਲ ਗੁਣ ਗਾਉਣਗੇ ਬਾਬਾ ਨਾਨਕ ਸੱਚੀ ਸਰਕਾਰ।
ਕਰਮਕਾਂਡ, ਮਨੌਤਾਂ ਅਤੇ ਅਡੰਬਰ ਕਰ ਦਿੱਤੇ ਸੀ ਤੂੰ ਸਿਰੇ ਤੋਂ ਰੱਦ।
ਪਰ ਬਹੁਤੇ ਤੇਰੇ ਸਿੱਖ ਜੋ ਇਨ੍ਹਾਂ ਨੂੰ ਹੀ ਫੈਲਾ ਰਹੇ ਨੇ ਉਸ ਤੋਂ ਵੱਧ।
ਕਲਜੁਗ ਰੱਥ ਅਗਿਨ ਕਾ ਤੂੰ ਕਿਹਾ ਸੀ ਕੂੜ ਇਹਦਾ ਰਥਵਾਨ।
ਬੰਦੇ ਨੂੰ ਹੀ ਬੰਦਾ ਖਾ ਰਿਹਾ ਬਸ ਕੁਝ ਹੀ ਨੇ ਚੰਗੇ ਇਨਸਾਨ।
ਬਹੁਤੇ ਮੰਨਦੇ ਤਾਂ ਗੁਰੂ ਗ੍ਰੰਥ ਨੂੰ, ਪਰ ਕਰਦੇ ਨੇ ਬੜੇ ਹੀ ਉਲਟ ਫੇਰ
ਘਸੇ ਪਿਟੇ ਚਲਦੇ ਰਿਵਾਜ ਅਤੇ ਅਡੰਬਰਾਂ ਸਿੱਖ ਹੈ ਲਿਆ ਅੱਜ ਘੇਰ
ਰੀਸੋ ਘੜੀਸ ਦਿਹਾੜੇ ਪਏ ਮਨਾਵਦੇ ਪਰ ਤੇਰੇ ਸਿਧਾਂਤ ਦੀ ਨਹੀਂ ਪਰਵਾਹ
ਕੁਝ ਕੁ ਗੁੱਗੇ ਦੇ ਜਾਂਵਦੇ ਕੁਝ ਨੇ ਫੜਿਆ ਦੇਵੀ ਦੇ ਚਾਲਿਆ ਦਾ ਰਾਹ
ਚੋਲਿਆਂ ਵਾਲੇ ਡੇਰੇਦਾਰ ਬਣ ਗਏ ਗੁਰੂ ਗ੍ਰੰਥ ਸਾਹਿਬ ਦੇ ਨੇੜੇ ਦੇ ਅੱਜ ਸ਼ਰੀਕ
ਨਿਰੰਕਾਰੀ, ਰਾਧਾ ਸੁਆਮੀਆਂ, ਸਿਰਸੇ ਵਾਲਿਆਂ ਖਿਚੀ ਵੱਖ ਅੱਜ ਲੀਕ
ਧਰਮ ਦੇ ਠੇਕੇਦਾਰਾਂ ਦੀ ਚੌਧਰ 'ਚ ਇਨਸਾਨੀਆਂ ਦੇ ਮਾਅਨੇ ਗਏ ਗੁਆਚ।
ਪਰਦੇ ਹੇਠਾਂ ਘਿਨਾਉਣੇ ਧੰਦੇ ਚਲਾਉਂਦੇ ਸਮਾਜ ਦੇ ਮੋਹਰੀ ਜੋ ਖਾਸਮ ਖਾਸ
ਇਕ ਚੰਗਾ ਕੰਮ, ਦੁਨੀਆਂ 'ਚ ਲੋੜ ਪੈਣ ਤੇ ਮੋਹਰੀ ਰਹਿੰਦੇ ਨੇ ਤੇਰੇ ਸਿੱਖ
ਸ਼ਾਬਾਸ਼ ਦੇਣੀ ਹੈ ਬਣਦੀ ਕਿਉਂਕਿ ਜਗ ਵਿਚ ਵੱਖਰੀ ਬਣੀ ਹੋਈਏ ਦਿੱਖ
ਕਲੌੜੀਏ ਦੀ ਇਕ ਬੇਨਤੀ ਗੁੜ ਫੇਰਾ ਨਾਨਕ ਜੀ ਦਿਓ ਇਕ ਪਾ
ਭੁਲੀ ਵਿਸਰੀ ਹੋਈ ਕੌਮ ਨੂੰ ਮੁੜ ਪਾ ਦਿਓ ਸੱਚ ਦੇ ਰਾਹ

9465216530

****

Registration No. R.N.I. CHAPUN/2010/33423, P.O. REGD. No CHD/144/2017-19 Posted at M.B.U. CHD

ਪਿਆਰੇ ਨਾਨਕ ਜੀ



ਰਣਜੀਤ ਸਿੰਘ ਆਜ਼ਾਦ ਕਾਂਝਲਾ

ਮਾਂ ਤ੍ਰਿਪਤਾ ਦੇ ਰਾਜ ਦੁਲਾਰੇ ਨਾਨਕ ਜੀ !
ਪਿਉ ਕਾਲੂ ਦੇ ਪੁਤਰ ਪਿਆਰੇ ਨਾਨਕ ਜੀ !...!!
ਕਿੰਝ ਧੂੰਦਕਾਰ ਚੁਫੇਰੇ ਛਾਇਆ ਹੈ ?
ਵੇਖ ਬਣਿਆ ਜੱਗ ਪਰਾਇਆ ਹੈ !
ਅਸੀਂ ਦੇ ਦੇ ਹੋਕਾ ਹਾਰੇ ਨਾਨਕ ਜੀ !....!!
ਦਿਲ ਨੂੰ ਸੱਚਾ ਸੌਦਾ ਜੋ ਭਾਇਆ !
ਜਾਹ ਭੁਖਿਆਂ ਤਾਈਂ ਛਕਾਇਆ !
ਦਾਤੇ ਬਣ ਬੈਠੇ ਵਣਜਾਰੇ ਨਾਨਕ ਜੀ !...!!
ਕਿਤੇ ਕਿਤੇ ਤੇਰਾਂ ਤੇਰਾਂ ਪਏ ਕਰਦੇ !
ਪਰੇ ਡੰਗਰ ਖੇਤ ਵਿੱਚ ਚਰਦੇ !
ਜਾਈਏ ਚੋਜਾਂ ਤੋਂ ਬਲਿਹਾਰੇ ਨਾਨਕ ਜੀ !...!!
ਰਾਕਸ਼ ਕੌੜੇ ਜਿਹੇ ਬੰਦੇ ਬਣਾਏ !
ਪੰਜਾ ਲਾ ਕੇ ਪਹਾੜ ਥੰਮਾਏ !
ਘੁਮੰਡੀ ਭੁੰਝੇ ਲਾਹ ਮਾਰੇ ਨਾਨਕ ਜੀ !....!!
ਭੈਣ ਨਾਨਕੀ ਯਾਦ ਹੈ ਕਰਦੀ !
ਫੁਲਕੇ ਰਾੜ ਰਾੜ ਕੇ ਧਰਦੀ !
ਭੋਜਨ ਲਈ ਭੈਣ ਘਰ ਪਧਾਰੇ ਨਾਨਕ ਜੀ !...!!
ਇਸਤਰੀ ਦਾ ਮਾਣ ਵਧਾਇਆ ਹੈ !
ਖ਼ਲਕਤ ਨੂੰ ਏਹ ਸਮਝਾਇਆ ਹੈ !
ਮਾਂ ਦੀ ਕੁਖੋਂ ਜਨਮੇ ਸਾਰੇ ਨਾਨਕ ਜੀ !....!!
ਅੱਜ ਉਹ ਮਾਂ ਹੋਟਲੀਂ ਵਿਕਦੀ !
ਜਾਵੇ ਵਿੱਚ ਪੁੜਾਂ ਦੇ ਪਿਸਦੀ !
ਖਾਹ ਰਹੇ ਦਾਜ–ਭਰੂਣ ਹਤਿਆਰੇ ਨਾਨਕ ਜੀ !...!!
ਤੁਸੀਂ ਹੋ ਸਭ ਧਰਮਾਂ ਦੇ ਸਾਂਝੇ !
ਪਰ ਅੱਜ ਹੋ ਬੈਠੇ ਸਭ ਵਾਂਝੇ !
ਇਹ ਸੱਲ ਨਾ ਜਾਣ ਸਹਾਰੇ ਨਾਨਕ ਜੀ !...!!
ਕਿਰਤ ਕਰ ਪ੍ਰਭੂ – ਨਾਮ ਜਪਣਾ !
ਰਲ ਮਿਲ ਕੇ, ਵੰਡ ਹੈ ਛੱਕਣਾ !
ਇਹ ਮਿਠੇ ਬੋਲ ਮੁਖੋਂ ਉਚਾਰੇ ਨਾਨਕ ਜੀ !...!!
ਮੁੜ ਝਾਤ ਜਗਤ ਵੱਲ ਪਾ ਜਾਹ !
ਭੁਖੇ ਦੈਂਤਾਂ ਤਾਈਂ ਸਮਝਾ ਜਾਹ !
'ਆਜ਼ਾਦ' ਜਾਊ ਬਲਿਹਾਰੇ ਨਾਨਕ ਜੀ !
ਮਾਂ ਤ੍ਰਿਪਤਾ ਦੇ ਰਾਜ ਦੁਲਾਰੇ ਨਾਨਕ ਜੀ !

9464697781

****

ਗੁਰੂ ਨਾਨਕ ਤੋਲੇ ਸੌਦਾ ਤੇਰਾ ਤੇਰਾ ਬੋਲਕੇ



ਬਲਬੀਰ ਸਿੰਘ ਬੇਲੀ

ਮੋਦੀਖਾਨੇ ਮੋਦੀ ਲੱਗਾ ਨਿਰਾ ਰੂਪ ਰੱਬਦਾ।
ਇਹੋ ਜਿਹਾ ਮੋਦੀ ਨਹੀਉ ਕਿਧਰੇ ਵੀ ਲੱਭਦਾ।
ਕਹਿਣ ਲੋਕੀਂ ਵੇਖਿਆ ਬਥੇਰਾ ਅਸਾਂ ਟੋਲ ਕੇ।
ਗੁਰੂ ਨਾਨਕ ਤੋਲੇ ਸੌਦਾ ਤੇਰਾ ਤੇਰਾ ਬੋਲਕੇ।

ਖੇਤਾਂ ਵਿੱਚ ਹੱਲ ਵਾਹੇ ਰਿਹਾ ਮੱਝਾਂ ਚਾਰਦਾ।
ਜਿਹਨੂੰ ਵੇਖ ਖੁਸ਼ ਹੋਵੇ ਦਿਲ ਰਾਇ ਬੁਲਾਰ ਦਾ।
ਸੱਪ ਨੇ ਸੀ ਕੀਤੀ ਜਿਹਨੂੰ ਛਾਇਆ ਫਨ ਖੋਲ੍ਹਕੇ।
ਗੁਰੂ ਨਾਨਕ ਤੋਲੇ ਸੌਦਾ ਤੇਰਾ ਤੇਰਾ ਬੋਲਕੇ।

ਨਾਨਕੀ ਦਾ ਵੀਰ ਸੋਹਣਾ ਤ੍ਰਿਪਤਾ ਦਾ ਜਾਇਆ।
ਜਿਹਨੇ ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ।
ਗਰੀਬਾਂ ਦੀ ਮਦਦ ਕਰੇ ਸਦਾ ਦਿਲ ਖੋਲਕੇ।
ਗੁਰੂ ਨਾਨਕ ਤੋਲੇ ਸੌਦਾ ਤੇਰਾ ਤੇਰਾ ਬੋਲਕੇ।

ਮੋਦੀਖਾਨੇ ਕਰੇ ਉਹ ਤਾਂ ਹੱਥਾਂ ਨਾਲ ਕਾਰ।
ਚਿਤ ਵਿੱਚ ਵੱਸੇ ਉਹਦੇ ਸੱਚਾ ਕਰਤਾਰ।
ਪੂਰਾ ਪੂਰਾ ਦੇਵੇ ਸੌਦਾ ਤੱਕੜੀ ਨਾਲ ਤੋਲਕੇ।
ਗੁਰੂ ਨਾਨਕ ਤੋਲੇ ਸੌਦਾ ਤੇਰਾ ਤੇਰਾ ਬੋਲਕੇ।

ਸਾਫ ਦਿਲ ਨਾਲ ਹੱਟੀ ਬਾਬੇ ਨੇ ਚਲਾਈ।
ਚੁਗਲਾਂ ਨੇ ਕਿਹਾ ਜਾਵੇ ਹੱਟ ਨੂੰ ਲੁਟਾਈ।
ਲੱਭਿਆ ਨਾ ਘਾਟਾ 'ਬੇਲੀ' ਵੇਖੇ ਖਾਤੇ ਫੋਲਕੇ।
ਗੁਰੂ ਨਾਨਕ ਤੋਲੇ ਸੌਦਾ ਤੇਰਾ ਤੇਰਾ ਬੋਲਕੇ।

9464697781

****

IF UN-DELIVERED PLEASE RETURN TO:- BHAI DIT SINGH PATRIKA, # 712 APC, KAJHERI, CHANDIGARH - 160036